ਬਲ਼ਦੇ ਚਿਰਾ਼ਗ ਹੋਰ

ਅਜੀਤ ਹਿਰਖੀ

Baldey Chiragh Hor
(Ghazals in Punjabi)

By: Ajit Hirkhi,
87 ½ Durham Road,
Stoney Creek, ON, L8E 1X5 Canada

Phone: (905) 664-7459
Email: hirkhi@hotmail.com
FaceBook Contact: www.facebook.com/ajit.hirkhi

ਬ.ਲਦੇ ਚਿਰਾ.ਗ ਹੋਰ
(ਪੰਜਾਬੀ .ਗਜ਼ਲਾਂ)

ਅਜੀਤ ਹਿਰਖੀ

ਕਾਪੀਰਾਈਟਸ: ਅਜੀਤ 'ਹਿਰਖੀ'
ਪ੍ਰਕਾਸ਼ਨ ਸਾਲ : 2014

Published by: Ajit Hirkhi
Copy Rights: Ajit Hirkhi

Price:
India: Rs. 150
Canada and other Countries: $10
Title : Janmeja Singh Johl

ਸਮਰਪਣ:
ਆਪਣੀ ਸਵਰਗਵਾਸੀ ਮਾਂ
ਸ੍ਰੀਮਤੀ ਹਰਭਜਨ ਕੌਰ ਜੀ ਨੂੰ

ਤਤਕਰਾ

ਠਰੰਮੇ ਵਾਲ਼ੇ ਕ਼ਦਮਾਂ ਦਾ ਗ਼ਜ਼ਲ ਸਫ਼ਰ 7
ਸਹਿਜ–ਸੁਭਾਅ ਦੀ ਸ਼ਾਇਰੀ : 'ਬ਼ਲਦੇ ਚਿਰਾਗ਼ ਹੋਰ' 11
ਚਿਰਾਗ਼ਾਂ ਜਿਹੇ ਸ਼ਿਅਰਾਂ ਦਾ ਗ਼ੁਲਦਸਤਾ "ਬ਼ਲਦੇ ਚਿਰਾਗ਼ ਹੋਰ" ਨੂੰ ਪੇਸ਼ ਕਰਦਿਆਂ: 18
ਸਿਖਰ ਦੁਪਹਿਰੇ ਸੂਰਜ ਮੋਇਆ , ਚੰਨ ਵੀ ਮੋਇਆ ਰਾਤਾਂ ਨੂੰ । 21
ਜਦ ਵੀ ਸਾਹਵੇਂ ਆਏ ਪੱਥਰ । 22
ਬਿੰਦ ਕੁ ਅੱਖ ਲਗਾ ਕੇ ਦੇਖ । 23
ਨ਼ਫ਼ਰਤ ਜਨੂੰਨ ਗ਼ੁੱਸਾ , ਵਧਿਐ ਜਹਾਨ 'ਤੇ । 24
ਚੰਚਲ ਮਨ ਤੇ ਸਹਿਜ ਅਵਸਥਾ, ਸੁਪਨਾ ਹੈ । 25
ਹੈ ਖ਼ੁਦਾ ਖ਼ੁਦ ਅਪਾਰ ਸੂਖਮ । 26
ਦੁਖ ਤੇ ਸੁਖ ਦੀ ਜੇ ਰਹੇ ਮਿਕਦਾਰ ਮਾੜੀ । 27
ਤੇਰੀ ਗ਼ਲ਼ੀ 'ਚ ਆ ਕੇ, ਰੁਕਿਆਂ ਨਿਸੰਗ ਦੇਖ । 28
ਨਾ ਦਵਾ ਲਗ ਰਹੀ ਹੈ ਨਾ ਦੁਆ ਲੱਗੇ । 29
ਮਨ ਮੰਦਰ ਦੇ ਵਿਹੜੇ ਅੰਦਰ । 30
ਭਾਵੇਂ ਤੇਰੇ ਬਾਝੋਂ ਹਨ ਇਹ ਲੋਕ ਬਥੇਰੇ ਨਾਲ਼ । 31
ਮਿਰੇ ਪਿੱਛੋਂ ਜਦੋਂ ਫੋਲਣਗੇ ਉਹ ਇਤਿਹਾਸ ਦੇ ਪੰਨੇ । 32
ਪਾਰੇ ਜਿਹਾ ਹੈ ਮਨ ਤਾਂ , ਮੁਸ਼ਕਿਲ ਅਡੋਲ ਰਹਿਣਾ । 33
ਅਗਰ ਮਨ ਬਣਾਓ , ਸਵੇਰਾ ਤੁਹਾਡੈ । 34
ਮਾਹੌਲ ਬੇਮਜ਼ਾ ਹੈ , ਤੇਰੇ ਬ਼ਗ਼ੈਰ ਅਜਕਲ । 35
ਫੁੱਲ ਖਿੜੇ ਨੇ ਟਾਵੇਂ–ਟਾਵੇਂ , ਬਹੁਤੇ ਉੱਗੇ ਕੰਡੇ ਨਾਲ਼ । 36
ਸੁਰਮਈ , ਸ਼ਾਮ ਹੈ । 37
ਬੜੀ ਦੂਰ ਉਲ਼ਫ਼ਤ 'ਚ ਜਾ ਹੋ ਗਿਆ ਹੈ । 38
ਗਿਰ ਗਿਆ ਹੈ ਮਿਯਾਰ ਹੇਠਾਂ । 39
ਤਲਵਾਰ ਤੋਂ ਵੀ ਵਧਕੇ , ਹੈ ਤੇਜ਼ਧਾਰ ਗ਼ੁੱਸਾ । 40
ਮਾਪੇ ਬੈਠੇ ਝੂਰਦੇ , ਵਾਹ ! ਸਾਡੀ ਤਕ਼ਦੀਰ । 41
ਆਪਾਂ ਨੇ ਹੈ 'ਕੱਠੇ ਤੁਰਨਾ , ਭਾਵੇਂ ਕਰਨ ਇਸ਼ਾਰੇ ਲੋਕ । 42
ਕਾਲ਼ੀ ਪੱਗ ਤੇ ਚੰਚਲ ਦਿਲ । 43
ਅਜਕਲ ਪਿਐ ਜਤਾਉਂਦਾ , ਉਹ ਪਿਆਰ ਮੱਲੋ – ਮੱਲੀ । 44
ਰਹਿਬਰਾਂ ਤੋਂ ਭਾਲ਼ਦਾ ਹਾਂ ਰਹਿਬਰੀ । 45
ਗੱਲਾਂ ਕਰਦੈ ਚੜ੍ਹਕੇ , ਦੱਸੋ ਕੀ ਕਰੀਏ ? 46
ਉਸਨੂੰ ਮਿਲ਼ ਕੇ ਅੱਜ ਬਣੀ । 47
ਜਿਸਦੇ ਲਈ ਚਿਰਾਂ ਤੋਂ , ਹਾਂ ਬੇਸ਼ੁਮਾਰ ਜਾਗੇ । 48
ਤੂੰ ਭਲੇ ਬੰਦਿਆਂ ਦੀ ਸੁਹਬਤ ਕਰ ! 49
ਉਦ੍ਹਾ ਰੂਪ ਸੁਹਣਾ , ਉਦ੍ਹੇ ਨਾਜ਼ ਦਿਲਕਸ਼ । 50
ਜਿਸ ਰਸਤੇ 'ਤੇ ਉਹ ਮਿਲ ਜਾਵੇ , ਉਹ ਰਸਤਾ ਮੈਂ ਢੂੰਡ ਰਿਹਾ ਹਾਂ । 51
ਮਨ 'ਚ ਅਪਣੇ ਉਤਾਰ , ਦਿਨ ਪਰ ਦਿਨ । 52
ਕਰਦਾ ਰਿਹੈ ਹਮੇਸ਼ਾ , ਇਕਰਾਰ ਝੂਠਾ–ਸੱਚਾ । 53
ਜਿਸ ਦਿਨ ਤੋਂ ਹਾਂ ਮੈਂ ਉਸਦਾ ਦਿਲਬਰ ਹੋਇਆ । 54
ਮਿਰਜ਼ੇ ਨੂੰ ਸੀ ਮਾਣ ਬਥੇਰਾ , ਬੱਕੀ , ਸਾਹਿਬਾਂ , ਤੀਰਾਂ ਉੱਤੇ । 55
ਉਲ਼ਫ਼ਤ ਦੀ ਮੰਗਾਂ ਖ਼ੈਰ ਤਾਂ , ਆਖੇ ਅਜੇ ਨਹੀਂ । 56

ਦਿਲ 'ਤੇ ਚੋਟ ਕਰਾਰੀ ਲੱਗੀ ।.....57
ਅਰਦਾਸ ਕਰ ! ਕਿ ਜਗ ਵਿਚ, ਅਮਨ-ਓ-ਅਮਾਨ ਹੋਵੇ ।.....58
ਮੈਂ ਕਿਹਾ ਮੈਨੂੰ ਪਿਆ ਪਾਣੀ ।.....59
ਮੇਰਾ ਇਹ ਹੌਸਲਾ ਜੇ , ਸਚ-ਮੁਚ ਬੁਲੰਦ ਹੁੰਦਾ ।.....60
ਸੱਜਣ ਵਸਦੈ ਪਰਲੇ ਪਾਰ , ਸਨੇਅ ਦਾ ਮੌਸਮ ਹੈ ।.....61
ਜੀਵਨ ਦੇ ਹਮਸਾਏ ਗੀਟੇ ।.....62
ਜੋ ਸਿਰ ਤਲੀ 'ਤੇ ਧਰਦੇ , ਬ਼ਲਦੇ ਚਿਰਾਗ਼ ਹੋਰ ।.....63
ਨਾਮ ਤੇਰਾ ਜੋੜਕੇ ਉਹ , ਨਾਂ ਮਿਰੇ ਦੇ ਨਾ਼ਲ ਦੇਖ ।.....64
ਦਿੱਤਾ ਮੁੜਦੈ ਉਧਾਰ ਕਿੱਥੇ ?.....65
ਮਿਰਾ ਚੈਨ ਹਾਏ , ਤਿਰੇ ਜਾਣ ਪਿੱਛੋਂ ।.....66
ਜਦ ਮਹਿਰਮ ਘੁੰਡ ਚੁੱਕਣ ਲੱਗਾ ।.....67
ਥਕ ਗਿਆਂ , ਸ਼ਾਮ ਹੋਣ ਤੋਂ ਪਹਿਲਾਂ ।.....68
ਭਲਾ ਰੋਂਦੀ ਲੋਕਾਈ ਕਿਸ ਲਈ ਹੈ ?.....69
ਝਟ ਹੋਣ ਲਗਦੈ ਉਸ ਦਿਨ , ਮਨ ਫੇਰ ਉੱਤੇ - ਥੱਲੇ ।.....70
ਮੈਂ ਤਿਰੇ ਤੋਂ ਡਰਾਂ , ਭਲਾ ਕਾਹਤੋਂ ?.....71
ਖ਼ਾਬੀਂ-ਖ਼ਾਬੀਂ ਮਿਰੇ ਹੋ ਗਏ ਨੇ ।.....72
ਹੋਈ ਹੈ ਲਾਰਿਆਂ ਦੀ , ਭਰਮਾਰ ਹੌਲੀ - ਹੌਲੀ ।.....73
ਖ਼ੁਦਾ ਦੀ ਰਹਿਮਤ ਜਨਾਬ ਉੱਤੇ ।.....74
ਤਿੱਖੀ ਤੇਜ਼ ਕਟਾਰੀ ਦੁਨੀਆ ।.....75
ਹਰ ਜਗ੍ਹਾ , ਅੰਗ - ਸੰਗ ਰਹਿੰਦਾ ਹੈ ।.....76
ਛਡ ਆਇਆ ਹਾਂ ਬਚਪਨ ਕਿੱਥੇ ?.....77
ਜਿਵੇਂ ਚੋਟ 'ਤੇ ਚੋਟ ਲਾਈ ਗਈ ।.....78
ਮੈਂ ਤਾਂ ਸਭ ਸਚਿਆਈਆਂ ਲਿਖੀਆਂ ।.....79
ਅਪਣੀ ਕ਼ਦਰ ਘਟਾ ਨਈਂ ਹੋਣੀ ਸਾਡੇ ਤੋਂ ।.....80
ਕਰਦਾ ਰਿਹਾ ਮੈਂ ਉਸਤੇ , ਇਤਬਾਰ ਔਖਾ-ਸੌਖਾ ।.....81
ਕਾਸ਼ ! ਕਿ ਆਵਣ ਉਹ ਪਲ ਮੁੜਕੇ ।.....82
ਦਰਦ ਦੀ ਦਾਸਤਾਂ , ਕਹਿੰਦੇ - ਕਹਿੰਦੇ ।.....83
ਮਿਨਤਾਂ ਤਰਲੇ ਕਰਵਾ ਕੇ ਦਾਣੇ ਭੁੰਨੇ ।.....84
ਇਸ ਤਰ੍ਹਾਂ ਤੈਨੂੰ ਨਹੀਂ ਘਰ ਜਾਣ ਦੇਣਾ ।.....85
ਇਸ਼ਕ ਦੀ ਅੱਗ 'ਚ ਝੋਣਾ ਹੋਇਆ ।.....86
ਕੌਣ ਫਿਰ ਯਾਦ ਆ ਗਿਆ ਰਾਤੀਂ ?.....87
ਜਨਮੇਂ ਹਾਂ ਇੱਕ ਆਹਾ ਲੈ ਕੇ ।.....88
ਹੋਰਾਂ ਸਾਲਾਂ ਵਾਂਗਰ ਇਹ ਵੀ , ਚੰਦਰਾ ਦੁੱਖ ਦਿਖਾ਼ਲ ਗਿਆ ।.....89
ਦਰਦ ਨੂੰ ਦਿਲ ਵਿਚ ਦਬਾ ਕੇ ।.....90
ਜੀਵਨ ਦਾ ਦਾਨ ਮੰਗੋ , ਸੰਕੋਚ ਨਾ ਕਰੋ ।.....91
ਮੁਖੜਾ ਅਪਣਾ ਦਿਖਾ਼ਲ ਦੇਣਾ ਸੀ ।.....92
ਅਪਣੀ ਰਾਮ-ਕਹਾਣੀ ਕਹਿ ਕੇ ।.....93
ਠੰਡਾ - ਠੰਡਾ ਹਉਕਾ ਭਰ ਜਾਵਾਂਗਾ ਮੈਂ ।.....94
ਇਸ਼ਕ ਦੀ ਤੰਦ ਜੋੜ ਹੋਈ ।.....95
ਦਿਸਦਾ ਉਹ ਬੇਸ਼ੱਕ ਨਹੀਂ ।.....96
ਕਾਸ਼ ! ਕੋਈ ਸੁਆਰ ਕੇ ਦੱਸੇ ।.....97
ਇਕ ਦਿਨ ਮੈਂ ਵੀ ਮੁਖ ਦੇਖਾਂਗਾ ਚਾਨਣ ਦਾ ।.....98

ਭੜਕੇ ਨੇ ਕਮਦਿਲੇ ਹੀ, ਮੇਰੇ ਵਿਚਾਰ ਉੱਤੇ। 99
ਜਿਸ ਤਰ੍ਹਾਂ ਤੂੰ ਕਹਿ ਰਿਹੈਂ, ਓਦਾਂ ਵੀ ਹੋ ਸਕਦੈ। 100
ਸਾਹ-ਸਤ ਸਰੀਰੋਂ ਸੂਤਿਆ ਉਸਨੇ। 101
ਹਿਜਰ ਦਾ ਝਟਕਾ ਦੇ ਕੇ ਉਹ ਤੁਰਦਾ ਹੋਇਆ। 102
ਜਲਦਬਾਜ਼ੀ ਖਰੀ ਨਹੀਂ ਹੁੰਦੀ। 103
ਸਭ ਝੱਲੀਆਂ ਜੋ ਹੁਣ ਤੀਕ ਸਜ਼ਾਵਾਂ ਮਿਲ਼ੀਆਂ। 104
ਐਵੇਂ ਹੀ ਲਗਦੇ ਥੋੜ੍ਹੇ, ਬੰਦੇ ਅਨੇਕ ਹਨ। 105
ਜੀਣ ਦਾ ਕੋਈ ਹੱਜ ਨਹੀਂ। 106
ਇਸ਼ਕ ਵਲ੍ਹ ਨੂੰ ਉਲਾਰ ਹੋ ਕੇ। 107
ਦਇਆ ਕਰ, ਐ ਮੇਰੇ ਖ਼ੁਦਾ ! 108
ਦੋਸਤਾ ! ਤੂੰ ਖਰੀ ਨਹੀਂ ਕੀਤੀ। 109
ਦਰਦ ਦੀ ਬਹੁਤਾਤ ਹੋਈ। 110
ਯਾਦ ਆਉਂਦੈ ਬੜਾ, ਸ਼ਾਮ ਦਾ ਵਕ਼ਤ ਹੈ। 111
ਈਰਖਾ ਦਾ ਪਾਠ ਨਾ ਸਾਨੂੰ ਪੜ੍ਹਾ ! 112
ਲੜਾਈ ਨਾ ਝਗੜਾ ਨਾ ਰੋਸਾ ਗਿਲਾ। 113
ਦਰਦ ਹੈ ਦਿਲ ਨੂੰ ਚੀਰਦਾ ਮਾੜਾ। 114
ਕਿਸੇ ਦੀ ਬੇਰੁਖ਼ੀ ਮੈਨੂੰ, ਬੜਾ ਬੇਚੈਨ ਕਰਦੀ ਹੈ। 115
ਤਿਤਲੀ ਕਿੰਝ ਰਸ ਚੂਸਦੀ, ਟਹਿਣੀ ਗਈ ਸੀ ਹਿੱਲ। 116
ਘੋਰ ਉਦਾਸੀ ਘੇਰੇ, ਤਿਰਕਾਲ਼ਾਂ ਵੇਲ਼ੇ। 117
ਢੇਰੀ ਢਾਅ ਕੇ ਬੈਠੋਗੇ ਤਾਂ, ਛਡ ਜਾਓਗੇ ਦੁਨੀਆਂ ਛੇਤੀ। 118
ਮੁਹੱਬਤ 'ਚ ਸੌਦਾ ਉਧਾਰਾ ਨਾ ਕਰਨਾ। 119
ਦਿਨ ਢਲ਼ੇ ਰਾਗ ਛੇੜ ਬੈਠੇ। 120
ਜੇ ਨਾ ਜੀਵਨ 'ਚ ਬੰਦਗੀ ਹੁੰਦੀ। 121
ਏਦਾਂ ਛਾਇਆ ਹੈ ਬੇਦਰਦੀ, ਤਨ ਦੇ ਉੱਤੇ, ਮਨ ਦੇ ਉੱਤੇ। 122
ਅੰਦਰ ਹੁੰਦੀ ਚੀਜ਼ 'ਤੇ ਜੋ ਝਾਕੇ ਬਾਹਰ। 123
ਮਿਰੇ ਸ਼ਹਿਰੋਂ ਤੂੰ ਬਿਨ ਮਿਲ਼ਿਆਂ ਚਲਾ ਜਾਣੈ, ਪਤਾ ਨਾ ਸੀ। 124
ਜੀਵਨ ਗਹਿਣੇ ਧਰ ਸਕਨਾ ਵਾਂ, ਤੇਰੇ ਕਰਕੇ। 125
ਸੱਜਣ ਮੇਰਾ ਰਾਂਗਲਾ, ਤਦੇ ਦਿਖਾਉਂਦਾ ਰੰਗ। 126
ਜਦੋਂ ਆਇਆ ਨਹੀਂ ਦਿਲਦਾਰ, ਸੁੱਤੇ ਰਹਿ ਗਏ ਜਜ਼ਬੇ। 127
ਪੰਜੇ ਵਕ਼ਤ ਨਮਾਜ਼ਾਂ ਪੜ੍ਹੀਆਂ। 128
ਹੋਰ ਨਹੀਂ ਜਾਂ ਫੇਰ ਨਹੀਂ। 129
ਚੁਪ ਹਾਂ ਕੋਰਾ ਜਵਾਬ ਸੁਣ ਕੇ। 130
ਬਚਪਨ ਦੇ ਦਿਨ ਚਾਰ ਬਿਤਾਏ, ਸੰਗੀਨਾਂ ਦੇ ਸਾਏ ਹੇਠਾਂ। 131
ਜੇ ਸੁਪਨੇ 'ਚ ਆਉਣੈ, ਅਵੇਰਾ ਨਾ ਕਰਨਾ। 132
ਜਦ ਉਹ ਐਵੇਂ ਭੜਕੇ, ਤੁਰਿਆਂ। 133
ਕਹਿ ਗਏ ਅਲਵਿਦਾ ਦੇਖਦੇ - ਦੇਖਦੇ। 134
ਜੇ ਦਰਦ ਦਿਲ 'ਚੋਂ ਉਠ ਖੜ੍ਹੇ, ਤਕਲੀਫ਼ ਤਾਂ ਹੋਣੀ ਹੀ ਹੈ। 135

ਠਰੰਮੇ ਵਾਲ਼ੇ ਕ਼ਦਮਾਂ ਦਾ ਗ਼ਜ਼ਲ ਸਫ਼ਰ

ਗ਼ਜ਼ਲ ਦਾ ਨਿਰੰਤਰ ਸਫ਼ਰ ਹੋਵੇ ਪਰ ਹੋਵੇ ਠਰੰਮੇ ਨਾਲ਼, ਇਹ ਗੱਲ ਬਾਹਲ਼ਿਆਂ ਨੂੰ ਹਜ਼ਮ ਨਹੀਂ ਹੋਵੇਗੀ ਕਿਉਂਕਿ ਅਜਕਲ ਤਾਂ ਚਾਰ ਕੁ ਗ਼ਜ਼ਲਾਂ ਲਿਖ ਕੇ ਹੀ ਸਥਾਪਤੀ ਦੇ ਸੁਪਨੇ ਆਉਣ ਲੱਗ ਜਾਂਦੇ ਹਨ, ਪਰ 'ਹਿਰਖੀ' 'ਤੇ ਉੱਪਰਲੀ ਗੱਲ ਸੌ ਫ਼ੀ ਸਦੀ ਠੀਕ ਢੁਕਦੀ ਹੈ। ਜੀ ਹਾਂ, ਅਜੀਤ 'ਹਿਰਖੀ' ਅੱਸੀਵਿਆਂ (1980ਵਿਆਂ) ਵਿੱਚ ਜਲੰਧਰ ਰੇਡੀਓ ਅਤੇ ਦੂਰਦਰਸ਼ਨ ਉੱਤੇ ਕਵੀ-ਦਰਬਾਰਾਂ ਵਿੱਚ ਹਿੱਸਾ ਲੈਂਦਾ ਰਿਹਾ ਹੈ ਅਤੇ ਸਾਡੀ ਪਹਿਲੀ ਮੁਲਾਕ਼ਾਤ ਵੀ ਓਥੇ ਹੀ ਹੋਈ ਸੀ ਜੋ ਕਿ ਡੂੰਘੀ ਵਾਕਫ਼ੀ ਵਿੱਚ ਬਦਲ ਗਈ। ਇਹ ਵਾਕਫ਼ੀ ਦਿਨ-ਬ-ਦਿਨ ਹੋਰ-ਹੋਰ ਡੂੰਘੀ ਅਤੇ ਪੀਡ਼ੀ ਹੁੰਦੀ ਜਾ ਰਹੀ ਹੈ।

ਪੰਜ ਕੁ ਸਾਲ ਪਹਿਲਾਂ ਇੱਕੋ ਦੇਸ਼ (ਕੈਨੇਡਾ) ਵਿੱਚ ਬੈਠਿਆਂ ਫੋਨ ਰਾਹੀਂ ਮੁਲਾਕ਼ਾਤ ਹੋਈ। ਮੁਲਾਕ਼ਾਤ ਕਾਹਦੀ ਹੋਈ ਅਜੀਤ ਨੇ ਇੱਕ ਜ਼ਿੰਮੇਵਾਰੀ ਮੇਰੇ ਸਿਰ ਪਾ ਦਿੱਤੀ , ਜੋ ਮੈਂ ਹੁਣ ਤੱਕ ਨਿਭਾਉਂਦਾ ਆ ਰਿਹਾ ਹਾਂ। ਉਹ ਆਪਣੀਆਂ ਗ਼ਜ਼ਲਾਂ ਮੈਨੂੰ ਇਸਲਾਹ ਲਈ ਭੇਜਣ ਲੱਗਾ ਅਤੇ ਮੈਂ ਆਪਣੀ ਅਲਪ-ਬੁੱਧੀ ਅਨੁਸਾਰ ਸੁਝਾਅ ਦੇ ਛੱਡਦਾ। ਇਕ ਦਿਨ ਐਵੇਂ ਹੀ ਖ਼ਿਆਲ ਆਇਆ ਤੇ ਮੈਂ ਇਸਲਾਹੀਆਂ ਗ਼ਜ਼ਲਾਂ ਦੀ ਗਿਣਤੀ ਕੀਤੀ ਤਾਂ ਉਹ ਤਕਰੀਬਨ ਸਵਾ ਕੁ ਚਾਰ ਸੌ (425) ਤੋਂ ਉੱਪਰ ਜਾ ਕੇ ਮੁੱਕੀ। ਏਨੀ ਗਿਣਤੀ ਦੇ ਨਾਲ਼ ਹੀ ਅਜੀਤ ਦੀ ਸੁਸਤੀ 'ਤੇ ਵੀ ਗੁੱਸਾ ਆਇਆ ਅਤੇ ਮੈਂ ਝੱਟ ਫੋਨ ਕੀਤਾ ਤੇ ਕਿਹਾ ਕਿ ਅਜੀਤ! ਪਹਿਲਾਂ ਇਹਨਾਂ ਗ਼ਜ਼ਲਾਂ ਦੀ ਕਿਤਾਬ ਛਪਵਾ, ਫੇਰ ਹੋਰ ਗ਼ਜ਼ਲਾਂ ਇਸਲਾਹਾਂਗੇ। ਮੇਰੀ ਘੁਰਕੀ ਦਾ ਅਸਰ ਹੋਇਆ ਅਤੇ ਅਜੀਤ ਨੇ ਪੱਕੇ ਮਨ ਨਾਲ਼ ਹੁੰਗਾਰਾ ਭਰ ਕੇ ਗ਼ਜ਼ਲਾਂ ਦੀ ਚੋਣ ਦੀ ਜ਼ਿੰਮੇਵਾਰੀ ਵੀ ਮੇਰੇ ਉੱਪਰ ਹੀ ਸੁੱਟ ਦਿੱਤੀ। ਮੈਂ ਵੀ ਦੋ ਕੁ ਦਿਨਾਂ ਵਿਚ ਕਿਤਾਬ ਜੋਗੀਆਂ ਗ਼ਜ਼ਲਾਂ ਚੁਣ ਕੇ ਦੱਸ ਦਿੱਤੀਆਂ। ਪਿਆਰੇ ਪਾਠਕੋ ! ਜੇ ਮੈਂ ਅਜੀਤ ਨੂੰ ਜ਼ਰਾ ਕੁ ਘੁਰਕੀ ਨਾ ਦਿੰਦਾ ਤਾਂ ਇਹ ਗ਼ਜ਼ਲ-ਚਿਰਾਗ਼ ਪਤਾ ਨਹੀਂ ਕਦੋਂ ਕੁ ਜਗਮਗਾਉਣੇ ਸਨ। ਅਜੀਤ ਨੇ ਮੇਰੀ ਘੁਰਕੀ ਦਾ ਮਾਣ ਰੱਖਿਆ ਅਤੇ ਉਸਦੀ ਇਹ ਗ਼ਜ਼ਲਾਂ ਦੀ ਕਿਤਾਬ ***"ਬ਼ਲਦੇ ਚਿਰਾਗ਼ ਹੋਰ"*** ਤੁਹਾਡੇ ਹੱਥਾਂ ਵਿੱਚ ਹੈ।

ਆਉ ਹੁਣ ਅਜੀਤ ਦੀ ਗ਼ਜ਼ਲ ਦੀ ਵੀ ਗੱਲ ਕਰ ਲਈਏ: ਕੈਨੇਡਾ ਵਰਗੇ ਖ਼ੁਸ਼ਹਾਲ ਦੇਸ਼ ਵਿਚ ਰਹਿੰਦਿਆਂ ਆਰਥਿਕ ਪੱਖੋਂ ਸੌਖਿਆਂ ਹੁੰਦਿਆਂ ਹੋਇਆਂ ਵੀ ਸਿਰਫ਼ ਸੁਸਤੀ ਦੀ ਵਜਾਹ ਕਰਕੇ ਹੀ ਆਪਣੀ ਕਿਤਾਬ ਨਹੀਂ ਛਪਵਾ ਸਕਿਆ,

ਚਾਹੇ ਉਸਦੀਆਂ ਗ਼ਜ਼ਲਾਂ ਅਖ਼ਬਾਰਾਂ / ਰਸਾਲਿਆਂ ਜਾਂ ਇੰਟਰਨੈੱਟ ਮੈਗ਼ਜ਼ੀਨਾਂ ਰਾਹੀਂ ਪਾਠਕ ਗਾਹੇ-ਬਗਾਹੇ ਪੜ੍ਹਦੇ ਰਹੇ ਹਨ , ਪਰ ਕਿਤਾਬ ਦੀ ਸ਼ਕਲ ਵਿਚ ਸਮੁੱਚੀ ਰਚਨਾ ਹੀ ਪਾਠਕ ਉੱਪਰ ਆਪਣਾ ਅਸਰ ਛੱਡਦੀ ਹੈ । ਉਹ ਗ਼ਜ਼ਲ ਕਾਹਦੀ ਗ਼ਜ਼ਲ ਹੋਈ ਜਿਸ ਵਿਚ ਜਦੀਦੀਅਤ (ਨਵੀਨਤਾ), ਤਕ਼ਾਬੁਲ, ਤਕ਼ਰਾਰ, ਡੂੰਘਾਈ, ਸਾਦਗੀ ਵਰਗੇ ਗੁਣ ਨਾ ਹੋਣ । ਅਜੀਤ ਦੀ ਗਜ਼ਲ , ਉੱਪਰ ਗਿਣਾਏ ਗਏ ਗੁਣਾ ਨਾਲ਼ ਹੀ ਲਬਰੇਜ਼ ਨਹੀਂ ਬਲਕਿ ਹੋਰ ਵੀ ਬਹੁਤ ਸਾਰੇ ਗੁਣਾ ਉੱਪਰ ਆਧਾਰਿਤ ਹੈ । ਹੇਠਾਂ ਕੁਝ ਵੰਨਗੀਆਂ ਵੇਖੋ:

ਪਿਆਰ ਦਾ ਬੂਟਾ ਜੇ ਲਗ ਜਾਵੇ , ਫੁੱਲ ਵੀ ਲਗ ਜਾਂਦੇ ਨੇ , ਲੇਕਿਨ
ਫੁੱਲਾਂ 'ਚੋਂ ਖ਼ੁਸ਼ਬੋ ਨਾ ਆਏ , ਸੰਗੀਨਾਂ ਦੇ ਸਾਏ ਹੇਠਾਂ ।

(ਅਮਨ ਦੀ ਆਰਜ਼ੂ)

ਉਹ ਜੇ ਆਖੇ ਤੂੰ ਚਲਾ ਜਾ, ਮੁੜ ਨਾ ਆਵੀਂ ,
ਉਸਨੂੰ ਪਹਿਲਾਂ ਭੇੜ ਕੇ ਦਰ , ਜਾਣ ਦੇਣਾ ।

******

ਸੁੱਤੇ ਨੂੰ ਦੇਖਦਾ ਰਿਹਾ ਮੈਨੂੰ ,
ਖ਼ਾਬ ਉਸਦਾ ਮੈਂ ਮਾਣਿਆ ਰਾਤੀਂ ।

(ਮੁਹੱਬਤ 'ਤੇ ਅੰਨ੍ਹਾ ਵਿਸ਼ਵਾਸ)

ਮਾੜੇ ਉੱਤੇ ਜ਼ੋਰ ਹੈ ਚਲਦਾ ਹਰ ਇਕ ਦਾ ,
ਉਡਵਾਇਰ ਨੇ ਸਨ ਲੋਕ ਨਿਤਾਣੇ ਭੁੰਨੇ ।

(ਇਤਿਹਾਸ ਦਾ ਹਵਾਲਾ)

ਚਾਅ -ਮਲ੍ਹਾਰ-ਪੰਘੂੜੇ, ਪਾਪਾ !
ਮੇਰੇ ਹਿੱਸੇ ਦੇ ਹਨ ਕਿੱਥੇ ?

(ਮੌਤ ਦਾ ਜ਼ਿੰਦਗੀ ਪ੍ਰਤੀ ਰੋਸਾ)

ਆ ਪਈ ਜਦ ਮਿਰੇ 'ਤੇ ਮੁਸੀਬਤ ,
ਯਾਰ ਸਭ ਹੋਦਰੇ ਹੋ ਗਏ ਨੇ ।

(ਵਧੀਆ ਸ਼ਬਦ ਜੜਤ)

ਭੁੱਖੇ ਜੱਟ ਕਟੋਰਾ ਲੱਭੈ ,
ਮੋਢੇ 'ਤੋਂ ਦੀਂ ਥੁੱਕਣ ਲੱਗਾ ।

(ਮੁਹਾਵਰਾ-ਬੰਦੀ)

ਇਹ ਦਾਤਾਂ ਦਾਤਾਰ ਦੀਆਂ ਨੇ , ਇਨ੍ਹਾਂ ਸਹਾਰੇ ਗ਼ੁਜ਼ਰੇ ਜੀਵਨ ,
ਨਾਲ਼ ਨਾ ਆਈਆਂ, ਨਾਲ਼ ਨਾ ਜਾਵਣ , ਕਾਹਦਾ ਮਾਣ ਜਗੀਰਾਂ ਉੱਤੇ ?

******

ਇਹ ਦਿਲ ਜਦੋਂ ਵੀ ਟੁੱਟਣ , ਸ਼ੀਸ਼ੇ ਦੇ ਵਾਂਗ ਟੁੱਟਣ ,
ਉਲ਼ਫ਼ਤ ਹੈ ਨੇੜ ਕਰਦੀ , ਪਾਉਂਦੈ ਦਰਾਰ ਗੁੱਸਾ ।

(ਅਟੱਲ ਸਚਾਈਆਂ)

ਇਸ਼ਕ-ਹਕ਼ੀਕੀ ਦਾ ਰੰਗ ਚੜ੍ਹਿਆ, ਜਦ ਉਸਤੇ ,
ਤਦ ਤੋਂ ਪੂਜਣ ਲਾਇਕ ਉਹ ਪੱਥਰ ਹੋਇਆ ।

(ਅੰਧ ਵਿਸ਼ਵਾਸ)

ਤੂੰ ਭਲੇ ਬੰਦਿਆਂ ਦੀ ਸੁਹਬਤ ਕਰ !
ਨਾਮ ਜਪ , ਵੰਡ ਛਕ , ਮੁਸ਼ੱਕਤ ਕਰ !

(ਕਿਰਤ ਦੀ ਮਹੱਤਤਾ)

ਤਜ਼ਰੁਬੇ ਨਾਲ਼ ਆ ਰਹੀ ਸੋਝੀ ,
ਆ ਰਿਹਾ ਹੈ ਨਿਖ਼ਾਰ , ਦਿਨ ਪਰ ਦਿਨ ।

(ਸਿੱਖਣ ਦੀ ਮਹੱਤਤਾ ਤੇ ਲਾਲਸਾ)

ਜੀਵਨ ਵਿਚ ਚਾਨਣ ਹੀ ਚਾਨਣ ਹੋਵੇਗਾ ਉਸ ਰੋਜ਼ ,
ਆਪਾਂ ਨੇ ਮਿਲ਼ ਜਾਣਾ ਹੈ ਜਿਸ ਰੋਜ਼ ਸਵੇਰੇ ਨਾਲ਼ ।

(ਵਿਸ਼ਵਾਸ ਦੀ ਜਿੱਤ ਅਤੇ ਇਕੱਠ ਦਾ ਮਹੱਤਵ)

ਇਹ ਤਾਂ ਮੈਂ ਦੇਗ਼ 'ਚੋਂ ਦਾਣਾ ਹੀ ਟੋਹਿਆ ਹੈ। ਅਸਲੀਅਤ ਤਾਂ ਇਹ ਹੈ ਕਿ ਮੇਰੀ ਸੋਚ ਏਥੇ ਆ ਕੇ ਦੋਚਿੱਤੀ ਵਿਚ ਪੈ ਗਈ ਹੈ ਕਿ ਕਿਹੜੇ ਸ਼ਿਅਰ ਦੀ ਮਿਸਾਲ ਦੇਵਾਂ ਤੇ ਕਿਹੜੇ ਦੀ ਨਹੀਂ ? ਹਰ ਸ਼ਿਅਰ ਪਹਿਲੇ ਤੋਂ ਉਮਦਾ ਹੈ । ਬਹਿਰਾਂ ਦੀ ਵੰਨ-ਸੁਵੰਨਤਾ ਅਤੇ ਅਣਛੋਹ ਰਦੀਫ਼ਾਂ ਨਾਲ਼ ਸ਼ਿੰਗਾਰੀ ਇਹ ਕਿਤਾਬ ਅਜੀਤ 'ਹਿਰਖੀ' ਨੂੰ ਬੁਲੰਦੀਆਂ 'ਤੇ ਲੈ ਜਾਵੇਗੀ ਅਤੇ ਉਸਨੂੰ ਹੋਰ ਚੰਗਾ ਲਿਖਣ ਦੀ ਪਰੇਰਨਾ ਵੀ ਦੇਵੇਗੀ ।

ਹੁਣ ਤਾਂ ਤੁਹਾਨੂੰ ਅਜੀਤ ਦੇ ਠਰੰਮੇ ਵਾਲ਼ੇ ਸਫ਼ਰ ਉੱਤੇ ਕੋਈ ਇਤਰਾਜ਼ ਨਹੀਂ ਹੋਵੇਗਾ, ਹੋਣਾ ਵੀ ਨਹੀਂ ਚਾਹੀਦਾ। 'ਹਿਰਖੀ' ਦੀਆਂ ਇਹ ਗ਼ਜ਼ਲਾਂ ਕਿਉਂਕਿ ਮੈਂ ਇਸਲਾਹੀਆਂ ਹਨ, ਇਸ ਲਈ ਅੰਤ ਵਿਚ ਦਿਲੋਂ ਕ਼ਬੂਲ ਕਰਦਾ ਹੋਇਆ

ਇਹ ਜ਼ਿੰਮੇਵਾਰੀ ਆਪਣੇ ਸਿਰ ਉੱਪਰ ਲੈਂਦਾ ਹਾਂ ਕਿ ਇਸ ਪੁਸਤਕ ਵਿਚ ਰਹਿ ਗਈਆਂ ਕਮੀਆਂ ਇਸਲਾਹ ਕਰਦਿਆਂ ਨਜ਼ਰ-ਅੰਦਾਜ਼ ਹੋ ਗਈਆਂ ਹੋਣਗੀਆਂ, ਪਰ ਨਜ਼ਰ ਆਉਂਦੀਆਂ ਖ਼ੂਬੀਆਂ ਲਈ ਅਜੀਤ ਦੀ ਕ਼ਲਮ ਸ਼ਾਬਾਸ਼ ਦੀ ਹੱਕ਼ਦਾਰ ਹੈ । ਮੈਂ ਗ਼ਜ਼ਲ-ਉਸਤਾਦ ਨਹੀਂ ਹਾਂ ਪਰ ਇਹ ਵੀ ਸਚ ਹੈ ਕਿ ਮੈਨੂੰ ਗ਼ਜ਼ਲ ਦੀ ਜਾਣਕਾਰੀ ਅਜੀਤ ਨਾਲੋਂ ਜ਼ਿਆਦਾ ਹੈ ਇਸੇ ਲਈ ਉਸਨੇ ਆਪਣੀਆਂ ਗ਼ਜ਼ਲਾਂ ਨੂੰ ਇਸਲਾਹੁਣ ਦੀ ਜ਼ਿੰਮੇਵਾਰੀ ਮੇਰੇ ਉੱਪਰ ਪਾਈ ਹੈ । ਮੈਂ ਤੇ ਅਜੀਤ ਇਸ ਵਿਚ ਕਿੰਨੇ ਕੁ ਕਾਮਯਾਬ ਹੋਏ ਹਾਂ, ਇਹ ਨਿਰਨਾ ਪਾਠਕਾਂ / ਆਲੋਚਕਾਂ ਉੱਪਰ ਛਡਦਾ ਹੋਇਆ ਇਸ ਪੁਸਤਕ ਨੂੰ ਪੜ੍ਹਨ ਦੀ ਅਤੇ ਹੋਰਨਾ ਨੂੰ ਪੜ੍ਹਾਉਣ ਦੀ ਜ਼ੋਰਦਾਰ ਸਿਫ਼ਾਰਸ਼ ਕਰਦਾ ਹੋਇਆ ਆਪਣੇ ਹੀ ਇੱਕ ਸ਼ਿਅਰ ਨਾਲ਼ ਤੁਹਾਡੇ ਤੋਂ ਵਿਦਾ ਲੈਂਦਾ ਹਾਂ:

ਧੁੱਪਾਂ ਦੇ ਵਿਚ ਵਾਲ਼ ਇਹ ਚਿੱਟੇ ਹੋਏ ਨਈਂ,
'ਬਾਦਲ'! ਗ਼ਜ਼ਲਾਂ ਖ਼ਾਤਿਰ ਉਮਰ ਲਗਾਈ ਹੈ ।

ਗੁਰਦਰਸ਼ਨ 'ਬਾਦਲ',
ਸਰ੍ਹੀ , ਬੀ. ਸੀ. ਕੈਨੇਡਾ
604-572-7360

ਸਹਿਜ-ਸੁਭਾਅ ਦੀ ਸ਼ਾਇਰੀ : 'ਬਲ਼ਦੇ ਚਿਰਾਗ਼ ਹੋਰ'

ਅਜੀਤ 'ਹਿਰਖੀ' ਦਾ ਇਹ ਸ਼ਿਅਰ:

ਫੇਲ਼ੁਨ - ਫੇਲ਼ੁਨ ਕਰਕੇ 'ਹਿਰਖੀ',
ਗੱਲਾਂ ਸਹਿਜ-ਸੁਭਾਈਆਂ ਲਿਖੀਆਂ ।

ਉਸਦੇ ਹਥਲੇ ਗ਼ਜ਼ਲ ਸੰਗ੍ਰਹਿ 'ਬਲ਼ਦੇ ਚਿਰਾਗ਼ ਹੋਰ' ਦਾ ਕੁੰਜੀਵਤ ਸ਼ਿਅਰ ਹੈ । ਇਸ ਸ਼ਿਅਰ ਵਿੱਚ ਉਸਦੇ ਸ਼ਿਲਪ ਅਤੇ ਕਾਵਿ-ਚਿੰਤਨ ਦੇ ਬੀਜ ਪਏ ਹਨ। ਇਹ ਸ਼ਿਅਰ ਉਸਦੇ ਸ਼ਿਲਪੀ ਤੋਂ ਚਿੰਤਨੀ ਆਪੇ ਤੀਕ ਪਗਡੰਡੀ ਹੈ··· ਪੁਲ ਹੈ ਅਤੇ ਪੌੜੀ ਵੀ ।

'ਹਿਰਖੀ' ਅਪਣੇ ਖ਼ਿਆਲ ਗ਼ਜ਼ਲ ਰੂਪ 'ਚ ਪੇਸ਼ ਕਰਦਾ ਹੈ । ਗ਼ਜ਼ਲਾਂ ਵਿੱਚ ਬਹਿਰਾਂ ਨੂੰ ਉਹ ਬੜੀ ਸੁਯੋਗਤਾ ਨਾਲ ਵਰਤਦਾ ਹੈ । ਉਸਦੀਆਂ ਨਿੱਕੀਆਂ ਬਹਿਰਾਂ ਜਿੱਥੇ ਚੁਸਤ-ਫੁਰਤ ਹਨ:

ਚੰਨ ਤੋਂ ਗਏ ਅਗੇਰੇ, ਪਰ
ਪਹੁੰਚੇ ਉਸਦੇ ਤੱਕ ਨਹੀਂ ।

ਓਥੇ ਉਸਦੀਆਂ ਲੰਬੀਆਂ ਬਹਿਰਾਂ ਝੋਲ ਮੁਕਤ ਅਤੇ ਖ਼ਿਆਲੀ ਉਲਝਾਅ ਤੋਂ ਬਿਨਾ ਹਨ:

ਪਹਿਲੀ ਮਿਲਣੀ ਵਰਗਾ 'ਹਿਰਖੀ', ਤੇਰੇ ਵਿੱਚ ਉਹ ਨਿੱਘ ਨਹੀਂ ਹੈ,
ਤੇਰੇ 'ਚੋਂ ਜੋ ਮਨਫ਼ੀ ਹੋਇਆ, ਉਹ ਜਲਵਾ ਮੈਂ ਢੂੰਡ ਰਿਹਾ ਹਾਂ ।

ਕਾਫ਼ੀਏ ਦੀ ਪਾਬੰਦੀ ਅਤੇ ਖੁੱਲ੍ਹ ਤੋਂ ਉਹ ਪੂਰੀ ਤਰ੍ਹਾਂ ਸੁਚੇਤ ਹੈ । ਗ਼ਜ਼ਲਾਂ 'ਚ ਵਰਤੇ ਤਿੰਨ ਅੱਖਰੇ ਸ਼ਬਦਾਂ ਦੇ ਵਜ਼ਨ ਅਤੇ ਉਹਨਾਂ ਦਾ ਬਹਿਰ 'ਚ ਨਿਭਾਅ ਉਹ ਬੜੀ ਪੁਖ਼ਤਗੀ ਨਾਲ ਕਰਦਾ ਹੈ। ਅਪਣੀਆਂ ਬਹੁਤੀਆਂ ਗ਼ਜ਼ਲਾਂ 'ਚ ਉਸ ਵਲੋਂ ਵਰਤੇ ਰਦੀਫ਼ ਖਾਸ ਤੌਰ ਤੇ ਪਾਠਕ ਦਾ ਧਿਆਨ ਖਿੱਚਦੇ ਹਨ। ਮੱਲੋ-ਮੱਲੀ, ਝੂਠਾ-ਸੱਚਾ, ਉੱਤੇ-ਥੱਲੇ, ਭਲਾ ਕਾਹਤੋਂ, ਔਖਾ-ਸੌਖਾ, ਤਿਰਕਾਲ਼ਾਂ ਵੇਲ਼ੇ, ਅਤੇ ਦੇਖਦੇ-ਦੇਖਦੇ, ਵਰਗੇ ਰਦੀਫ਼ ਸਹਿਜੇ ਹੀ ਉਸਦੀਆਂ ਗ਼ਜ਼ਲਾਂ ਦਾ ਪੰਜਾਬੀ ਸੁਭਾਅ ਵਾਲੇ ਪਾਠਕਾਂ ਨਾਲ ਗਹਿਰਾ ਨਾਤਾ ਗੰਢ ਲੈਂਦੇ ਹਨ:

ਜਿੱਤ ਦੀ ਆਸ ਹੈ , ਲੜਾਂਗਾ ਮੈਂ ,
ਬਿਨ ਲੜੇ ਹੀ ਹਰਾਂ, ਭਲਾ ਕਾਹਤੋਂ ?

ਵ਼ਲ-ਵ਼ਲ ਕੇ ਰਿਸ਼ਤਿਆਂ ਦੀ, ਵਲਗਣ ਚੁਫੇਰ ਸਾਡੇ,
ਲੈਂਦਾ ਹੈ ਜਕੜ ਸਭ ਨੂੰ, ਸੰਸਾਰ ਮੱਲੋ-ਮੱਲੀ ।

ਉਸਦੇ ਕਟਾਖ਼ਸ਼, ਵਿਅੰਗ ਅਤੇ ਜ਼ਿੰਦਾਦਿਲ ਸ਼ਿਅਰ ਪਾਠਕ ਮਨ ਨੂੰ ਖਿੱਚਣ, ਕੀਲਣ ਅਤੇ ਝੰਜੋੜਨ ਦੀ ਸਮਰਥਾ ਰਖਦੇ ਹਨ:

ਕੈਸੀ ਭਟਕਣ ਹੈ ਇਹ 'ਹਿਰਖੀ',
ਜਿਸ ਥਾਂ ਤਨ, ਉਸ ਥਾਂ ਮਨ ਕਿੱਥੇ ?

ਬਦ ਨੂੰ ਜਾ਼ਲੋ, ਰੀਤ ਨਿਭਾਓ, ਪਰ ਲੋਕੋ !
ਕਦ ਆਵੇਗਾ ਵਕ਼ਤ ਬਦੀ ਨੂੰ ਜਾ਼ਲਣ ਦਾ ?

ਉਪਰੋਂ ਦਿਸਦੇ ਬਗਲੇ ਵਰਗੇ , ਲੀਡਰ , ਮੁੱਲਾਂ , ਭਾਈ , ਸੰਤ ,
ਲੋਕਾਂ ਦੇ ਸੇਵਕ ਅਖਵਾਉਂਦੇ , ਰੱਖਣ ਪਰ ਮੁਸ਼ਟੰਡੇ ਨਾ਼ਲ ।

ਗ਼ਜ਼ਲ ਦਾ ਸ਼ਿਲਪੀ ਰੂਪ ਗ਼ਜ਼ਲਗੋ ਵਲੋਂ ਤਿਆਰ ਕੀਤੇ ਉਸ ਕੁੱਜੇ ਵਾਂਗ ਹੈ ਜਿਸ ਵਿੱਚ ਉਸਨੇ ਅਪਣੀ ਖ਼ਿਆਲ ਰੂਪੀ ਵਸਤ ਰੱਖਣੀ ਹੁੰਦੀ ਹੈ । ਇਸ ਸਮੁੱਚੀ ਪ੍ਰਕਿਰਿਆ ਨੂੰ ਹੀ ਸ਼ਿਅਰੀਅਤ ਆਖੀਦਾ ਹੈ । ਜਿੱਥੇ 'ਹਿਰਖੀ' ਸ਼ਿਲਪ ਪੱਖੋਂ ਪੁਖ਼ਤਾ ਹੈ, ਓਥੇ ਸ਼ਿਅਰੀਅਤ ਪੱਖੋਂ ਉਸ ਵਿਚ ਹੋਰ ਪੁਖ਼ਤਗੀ ਦੀ ਸੰਭਾਵਨਾ ਮਹਿਸੂਸ ਹੁੰਦੀ ਹੈ । ਮਸਲਨ ਉਸਦੀ ਗ਼ਜ਼ਲ ਦਾ ਸ਼ਿਅਰ ਹੈ:

ਕੰਮ 'ਤੇ ਜਾਣਾ ਹੀ ਜਾਣਾ ਪੈਂਦੈ ਸਭ ਨੂੰ ,
ਭਵਾਂ ਪਏ ਸਨੋਅ ਜਾਂ ਪੈਣ ਛਰਾਟੇ ਬਾਹਰ ।

ਇਸ ਸ਼ਿਅਰ ਦੇ ਪਹਿਲੇ ਮਿਸਰੇ ਵਿੱਚ 'ਕਿਉਂ?' ਦਾ ਪ੍ਰਸ਼ਨ ਹੈ, ਜਿਸਦਾ ਉੱਤਰ ਦੂਜੇ ਮਿਸਰੇ ਨੇ ਦੇਣਾ ਹੈ···ਪਰ ਇਸ ਸ਼ਿਅਰ ਦਾ ਦੂਜਾ ਮਿਸਰਾ ਪਹਿਲੇ ਮਿਸਰੇ ਦਾ ਹੀ ਵਿਸਥਾਰ ਹੈ। ਗ਼ਜ਼ਲ ਦੀ ਸ਼ਿਅਰੀਅਤ ਦਾ ਤਕਾਜ਼ਾ ਹੈ ਕਿ ਪਹਿਲਾ ਮਿਸਰਾ ਜਗਿਆਸਾ ਪੈਦਾ ਕਰੇ ਅਤੇ ਦੂਜਾ ਮਿਸਰਾ ਉਸਦਾ ਪੂਰਕ ਬਣੇ । ਜਗਿਆਸਾ ਅਤੇ ਪੂਰਨਾ ਦਾ ਇਹ ਸਫ਼ਰ ਜਿੱਥੇ ਗ਼ਜ਼ਲ ਵਿਚਲਾ ਸ਼ਿਲਪ-ਚਿੰਤਨ ਹੈ, ਓਥੇ ਇਸ ਵਿੱਚ ਪੇਸ਼ ਖ਼ਿਆਲ ਸ਼ਾਇਰ ਦਾ ਕਾਵਿ-ਚਿੰਤਨ । ਸ਼ਿਅਰੀਅਤ ਦੇ ਇਸ ਮੁਕ਼ਾਮ ਨੂੰ ਪਾਉਣ ਲਈ 'ਹਿਰਖੀ' ਖ਼ੁਦ ਬਿਆਨ ਕਰਦਾ ਹੈ:

ਕੋਸ਼ਿਸ਼ ਬੜੀ ਹੈ ਕੀਤੀ, ਮੈਂ ਜਾਨ ਪਾਉਣ ਦੀ, ਪਰ
'ਹਿਰਖੀ' ਕਦੋਂ ਸਮੁੰਦਰ, ਕੁੱਜੇ 'ਚ ਬੰਦ ਹੁੰਦਾ ?

ਜਦੋਂ 'ਹਿਰਖੀ' ਵਰਗੇ ਗ਼ਜ਼ਲ ਸ਼ਿਲਪੀਆਂ ਦਾ ਅਪਣੇ ਘੜੇ ਕੁੱਜਿਆਂ 'ਚ ਖ਼ਿਆਲ ਰੂਪੀ ਸਮੁੰਦਰ ਬੰਦ ਕਰਨ ਦਾ ਨਿਸ਼ਾਨਾ ਹੋਵੇ ਤਾਂ ਮੰਜ਼ਿਲ ਉਹਨਾਂ ਤੋਂ ਬਹੁਤੀ ਦੂਰ ਨਹੀਂ ਹੁੰਦੀ।

'ਹਿਰਖੀ' ਦੀਆ ਹਥਲੀਆਂ ਗ਼ਜ਼ਲਾਂ ਦੇ ਕੁੰਜੀਵਤ ਸ਼ਿਅਰ ਦੇ ਦੂਜੇ ਮਿਸਰੇ: 'ਗੱਲਾਂ ਸਹਿਜ-ਸੁਭਾਈਆਂ ਲਿਖੀਆਂ' ਤੋਂ ਉਸਦੇ ਕਾਵਿ-ਚਿੰਤਨ ਤੀਕ ਪੁਜਣ ਲਈ ਇਸਨੂੰ ਖੋਲ੍ਹਦੇ ਹਾਂ:

ਜਦੋਂ ਅਸੀਂ ਅਪਣੇ 'ਸਹਿਜ' ਅਤੇ 'ਸੁਭਾਅ' ਨੂੰ ਜਾਣ ਲੈਂਦੇ ਹਾਂ ਤਾਂ ਸਾਡੀਆਂ ਗੱਲਾਂ, ਦਲੀਲਾਂ ਅਤੇ ਤਰਕ ਵਿੱਚੋਂ ਸਾਡੇ ਲਈ 'ਅ-ਸਹਿਜ' ਅਤੇ 'ਸੁਭਾਅ ਤੋਂ ਉਲਟ' ਵਰਤਾਰੇ ਦੀ ਨਿਸ਼ਾਨਦੇਹੀ ਹੋਣ ਲਗਦੀ ਹੈ । ਤਦ ਹੀ 'ਹਿਰਖੀ' ਸਮੇਤ ਸਮੂਹ ਅਗਾਂਹਵਧੂ ਕਲਾਕ੍ਰਿਤੀ ਅਪਣੇ ਦੁਆਲੇ 'ਚੋਂ ਅਪਣੇ ਚਿੰਤਨ ਮੁਤਾਬਿਕ 'ਅਸਹਿਜ' ਅਤੇ 'ਸੁਭਾਅ ਤੋਂ ਉਲਟ' ਨੂੰ ਬਦਲ ਕੇ ਇਕ ਨਵਾਂ ਸਮਾਜ ਬਣਾਉਣਾ ਲੋੜਦੇ ਹਨ । ਏਥੇ ਇਹ ਨੁਕ਼ਤਾ ਬੜਾ ਅਹਿਮ ਹੈ ਕਿ ਅਗਾਂਹਵਧੂ ਕਲਾਕ੍ਰਿਤੀ ਦਾ 'ਅਸਹਿਜ' ਅਤੇ 'ਸੁਭਾਅ ਤੋਂ ਉਲਟ' ਉਸਦਾ ਨਿੱਜੀ ਨਹੀਂ ਹੁੰਦਾ ।

ਕਲੀ ਦਾ ਦਿਲ ਕੋਈ ਤੋੜੇ, ਤਾਂ ਟੁਟ ਜਾਂਦਾ ਹੈ ਦਿਲ ਮੇਰਾ,
ਕਲੀ ਦੀ ਵਿਲਕਣੀ ਮੈਨੂੰ, ਬੜਾ ਬੇਚੈਨ ਕਰਦੀ ਹੈ ।

'ਕਲੀ ਦਾ ਦਿਲ ਨਾ ਟੁੱਟੇ' ਤਾਂ ਸਹਿਜ । ਕਲੀ ਦਾ ਦਿਲ ਕੋਈ ਤੋੜੇ ਤਾਂ ਸਹਿਜ ਭੰਗ । ਅਸਹਿਜ ਉਤਪਨ । 'ਦਿਲ ਦਾ ਟੁੱਟਣਾ', 'ਕਲੀ ਦੀ ਵਿਲਕਣੀ' ਸੁਣ ਕੇ ਬੇਚੈਨ ਹੋ ਜਾਣ ਦਾ ਸੁਭਾਅ । ਕਿਸੇ ਦਾ ਦਿਲ ਨਾ ਟੁੱਟੇ । ਨਾ ਕਲੀ ਦਾ ਨਾ ਸ਼ਾਇਰ ਦਾ । ਕੋਈ ਕਲੀ ਨਾ ਵਿਲਕੇ । ਕਿਸੇ ਦੀ ਚੈਨ ਭੰਗ ਨਾ ਹੋਵੇ । ਸਮਾਜ 'ਚੋਂ ਬੇਚੈਨੀ ਦਾ ਖ਼ਾਤਮਾ ਹੋਵੇ ।

ਇਹ ਸਥਿਤੀ ਕਿਵੇਂ ਬਣੇ ? ਇਹੋ ਜਿਹਾ ਸਮਾਜ ਕਿਸ ਬਿਧ ਉਸਰੇ ਅਤੇ ਪਰਵਾਨ ਚੜ੍ਹੇ ?

ਉਪਰੋਕਤ ਸਵਾਲਾਂ ਨੂੰ ਕੋਈ ਕਲਾਤਮਿਕ ਮਨ ਕਿਵੇਂ ਵਾਚਦਾ, ਘੋਖਦਾ ਹੈ ਅਤੇ ਅਪਣੀ ਕਲਾ ਰਾਹੀਂ ਕੀ ਸੁਝਾਉਂਦਾ ਹੈ ਇਹ ਹੀ ਉਸ ਵਿਚਲੇ ਲੋਕਮੁਖੀ ਚਿੰਤਨ ਦਾ ਪੱਧਰ ਤੈਅ ਕਰਦਾ ਹੈ। 'ਹਿਰਖੀ', 'ਅਸਹਿਜ' ਅਤੇ 'ਸੁਭਾਅ ਦੇ ਉਲਟ' ਭੁਗਤ ਰਹੀਆਂ ਸਥਿਤੀਆਂ ਬਾਰੇ ਗੱਲਾਂ ਨੂੰ 'ਗੱਲਾਂ ਸਹਿਜ-ਸੁਭਾਈਆਂ' ਵਜੋਂ ਪੇਸ਼ ਕਰਦਾ ਹੈ। ਇਹਨਾਂ ਗੱਲਾਂ 'ਚ ਕੋਈ ਉਚੇਚ ਨਹੀਂ। ਇਹ ਕਿਸੇ ਸੁਚੇਤ ਏਜੰਡੇ ਤਹਿਤ ਨਹੀਂ। ਤਦ ਹੀ ਇਹਨਾਂ 'ਚ ਸਵੈ-ਵਿਰੋਧ ਹੈ, ਅਗਾਂਹ-ਮੁਖੀ ਅਤੇ ਪਿਛਾਂਹ-ਖਿੱਚੂ ਬਿਰਤੀਆਂ ਦੋਵੇਂ ਰੂਪਮਾਨ ਹਨ। ਮਸਲਨ ਇਹਨਾਂ ਵਿਚ 'ਰੱਬ' ਦੀ ਹੋਂਦ ਦਾ ਨਿਸਚਾ, ਉਸਦੀ ਮਿਹਰ ਦੀ ਗੱਲ ਵੀ ਹੈ ਅਤੇ ਉਸਦੀ ਹੋਂਦ ਦੀ ਸਚਾਈ ਬਾਰੇ ਪ੍ਰਸ਼ਨ ਵੀ:

ਉਸਦੀ ਕੋਈ ਹੋਂਦ ਨਹੀਂ ਸੀ ਪਹਿਲਾਂ, ਪਰ
ਮੈਂ ਉਸਨੂੰ ਚਾਹਿਆ ਤਾਂ ਉਹ ਅੰਬਰ ਹੋਇਆ।

ਲਾਈ-ਲਗ ਹੈ ਦੁਨੀਆ, ਉਸਨੂੰ ਪੂਜ ਰਹੀ,
ਮਿੱਟੀ ਦਾ ਬੁੱਤ ਘੜਕੇ, ਦੱਸੋ ਕੀ ਕਰੀਏ ?

ਇਹ ਵੀ ਰੱਬਾ ਤੇਰੇ ਬੰਦੇ, ਇਉਂ ਹੀ ਜਨਮੇਂ, ਇਉਂ ਹੀ ਮਰਨਾ,
ਭੁੱਖਣਭਾਣੇ ਢਿੱਡ ਨੇ ਹੇਠਾਂ, ਤਨ ਢਕਣੇ ਨੂੰ ਲੀਰਾਂ ਉੱਤੇ।

ਬਖ਼ਸ਼ਦੈ ਉਹ, ਮਗਰ ਲਿਖਾਂ ਮੈਂ,
ਮਨ 'ਚ ਆਉਂਦੇ ਵਿਚਾਰ ਸੂਖਮ।

ਕੀ ਇਹ ਇਹਨਾਂ ਗ਼ਜ਼ਲਾਂ ਵਿਚਲੀ ਚਿੰਤਨੀ-ਝੋਲ ਹੈ ? ਉਤਲੀ ਨਜ਼ਰੇ ਵੇਖਿਆਂ ਇਹ 'ਚਿੰਤਨੀ-ਝੋਲ' ਜ਼ਰੂਰ ਹੈ ਪਰ 'ਹਿਰਖੀ-ਕਾਵਿ' ਦੀ ਉਭਰਵੀਂ ਸੁਰ ਦੇ ਰੂ-ਬ-ਰੂ ਬਿਲਕੁਲ ਨਹੀਂ। ਦਰਸ਼ਨ ਸਿੰਘ 'ਆਵਾਰਾ' ਦੀ ਪੁਸਤਕ 'ਬਗ਼ਾਵਤ' 'ਚੋਂ ਕਵਿਤਾ 'ਗਰਮ ਜਿਹੀਆਂ' ਦੀਆਂ ਸਤਰਾਂ ਇਸ ਸੰਦਰਭ 'ਚ ਵਾਚਦੇ ਹਾਂ:

…ਪਰ ਕਿਹਨੂੰ ਕਹਿਨਾਂ ਪਿਆਂ ਮੈ ਵੀ?
ਖ਼ੁਦਾ ਨੂੰ ਕਹਿਨਾ?
ਇਕ ਕਿਆਸੀ ਹੋਈ ਹਸਤੀ ਨੂੰ?
ਖ਼ਿਲਾਅ ਨੂੰ ਕਹਿਨਾ?
ਸਿਰ ਤਾਂ ਫਿਰਿਆ ਨਹੀਂ ਮੇਰਾ
ਨਾ ਹਵਾ ਨੂੰ ਕਹਿਨਾ।
ਮੈਂ ਤਾਂ ਪੱਜ ਪਾ ਪਾ ਕੇ
ਇਨਸਾਨ ਭਰਾ ਨੂੰ ਕਹਿਨਾ॥

ਜਦੋਂ ਲੋਕ-ਮੁਖੀ ਸ਼ਾਇਰ 'ਆਵਾਰਾ' ਵਾਂਗ ਅਪਣੇ ਆਲ-ਦੁਆਲੇ ਨਾਲ…ਇਨਸਾਨ ਭਰਾਵਾਂ ਨਾਲ , ਸੰਵਾਦ ਰਚਾਉਂਦਾ ਹੈ ਤਾਂ 'ਸਹਿਜ ਸੁਭਾਈ' ਸੁਰ ਹੀ ਸਭ ਤੋਂ ਕਾਰਗਰ ਹੈ । ਫਿਰ ਉਹ ਹਿਰਖੀ ਵਾਂਗ ਹੀ ਸਹਿਜ-ਅਸਹਿਜ, ਹਾਂ-ਨਾਂਹ ਪੱਖ ਦੋਵੇਂ ਨਾਲੋ-ਨਾਲ਼ ਬਿਆਨਦਾ ਹੈ ਕਿਉਂਕਿ ਉਸਦੇ ਅੰਤ੍ਰੀਵ 'ਚ ਅ-ਸਹਿਜ ਨੂੰ ਲੋਅ 'ਚ ਲਿਆ ਕੇ ਸਹਿਜ ਕਰਨ ਦੀ ਧੁਨ ਕਾਰਜਸ਼ੀਲ ਹੁੰਦੀ ਹੈ । ਜੇਕਰ ਅਸਹਿਜ ਸਥਿਤੀਆਂ ਨੂੰ ਬਦਲਣ ਲਈ ਸੰਘਰਸ਼ ਦੀ ਲੋੜ ਹੈ:

ਸੰਘਰਸ਼ ਕਰਨ ਵੇ.ਲੇ , ਜਿੱਤਣ ਦੀ ਆਸ ਰੱਖੋ ,
ਇਹ ਜਾਨ ਹੈ ਜਦੋਂ ਤਕ , ਜੀਵਨ ਦਾ ਘੋਲ ਰਹਿਣਾ ।

ਤਾਂ ਫਿਰ ਇਸ ਤਰ੍ਹਾਂ ਦੇ ਸੁਭਾਅ ਨਾਲ ਸੰਘਰਸ਼ ਕਿਵੇਂ ਹੋਵੇਗਾ? ਕਿਹੋ ਜਿਹਾ ਹੋਵੇਗਾ? ਜਿੱਤ ਹੋਵੇਗਾ?? 'ਕਲੀ ਦੀ ਵਿਲਕਣੀ' ਕਿਵੇਂ ਸੁਣੇਗੀ?:

ਬੁਰਾ ਵੀ ਕਰੇਂ ਤਾਂ , ਬੁਰਾ ਨਾ ਮਨਾਵਾਂ ,
ਮਿਰਾ ਇਸ ਤਰ੍ਹਾਂ ਦਾ, ਸੁਭਾਅ ਹੋ ਗਿਆ ਹੈ ।

ਲੋੜਾਂ-ਥੋੜਾਂ ਖ਼ਾਤਰ ਸਹੀਏ , ਚੁੱਪ-ਚੁਪੀਤੇ ਜ਼ੁਲਮ ਅਸੀਂ ,
ਵਕ਼ਤ ਨੇ ਲਾਏ ਮੂੰਹ ਤੇ ਜਿੰਦਰੇ, ਕੰਨੀ ਸਿੱਕਾ ਢਾਲ ਗਿਆ ।

ਸਵਾਲ ਹੈ: ਕੀ 'ਹਿਰਖੀ' ਸੰਘਰਸ਼ ਕਰਨਾ ਚਾਹੁੰਦਾ ਹੈ? ਉਸਦਾ ਸੰਘਰਸ਼ ਕਿਹੋ ਜਿਹਾ ਹੈ?

'ਹਿਰਖੀ' ਦਹਾਕਿਆਂ ਤੋਂ ਉਸ ਧਰਤੀ ਤੇ ਵਸਿਆ ਹੋਇਆ ਹੈ ਜਿਸ ਧਰਤੀ ਤੋਂ ਉਸਦੇ 'ਪਰਵਾਸੀ ਪੁਰਖਿਆਂ' ਨੇ ਗ਼ਦਰ ਦੇ ਰੂਪ 'ਚ ਸੰਘਰਸ਼ ਕੀਤਾ ਸੀ ਅਤੇ ਕਿਹਾ ਸੀ, "ਕਦੇ ਮੰਗਿਆਂ ਮਿਲਣ ਅਜ਼ਾਦੀਆਂ ਨਾ, ਹੁੰਦੇ ਤਰਲਿਆਂ ਨਾਲ਼ ਨਾ ਰਾਜ ਲੋਕੋ।" ਪਰ 'ਹਿਰਖੀ' ਦਾ ਸ਼ਿਅਰ ਹੈ:

ਬਿਨਾ ਮੰਗਿਆਂ ਕਦ , ਅਜ਼ਾਦੀ ਮਿਲੀ ਹੈ ?
ਕਿ ਪਰਚਮ ਉਠਾਓ , ਸਵੇਰਾ ਤੁਹਾਡੈ ।

ਪਰ ਕੀ 'ਹਿਰਖੀ' ਉਹਨਾਂ ਪੁਰਖੇ ਪਰਵਾਸੀਆਂ ਦਾ ਵਾਰਸ ਬਣਨਾ ਲੋਚਦਾ ਹੈ? ਪਰਵਾਸ ਬਾਰੇ ਉਸਦੀ ਇਕ ਪੂਰੀ ਗ਼ਜ਼ਲ 'ਚੋਂ ਕੁਝ ਸ਼ਿਅਰ ਇਸ ਸਿਲਸਿਲੇ 'ਚ ਵਾਚਣੇ ਜ਼ਰੂਰੀ ਹਨ:

ਜੇ ਨਾ ਪੂਰੇ ਹੋਣ ਤਾਂ ਹੁੰਦੈ ਪਛਤਾਵਾ ,
ਆਉਂਦੀ ਹੈ ਖ਼ਲਕ਼ਤ ਖ਼ਾਬ ਸਜ਼ਾ ਕੇ ਬਾਹਰ ।

ਫਿਕਰਾਂ ਲੱਦੇ ਚਿਹਰੇ ਦਿਸਦੇ ਹਰ ਪਾਸੇ ,
ਫੋਕੀ ਮੁਸਕਾਨ ਤੇ ਫੋਕੇ ਹਾਸੇ ਬਾਹਰ ।

ਸੋਹਲ ਮਲੂਕ ਜਵਾਨੀ ਰੁ਼ਲਦੀ ਦੇਖੀ ਮੈਂ ,
ਹੱਥੀਂ ਅੱਟਣ ਤੇ ਪੈਰੀਂ ਛਾਲੇ ਬਾਹਰ ।

ਦੇਸ਼ 'ਚ ਹੀ ਮਿਲ ਜਾਣ ਜੇ ਸਭ ਨੂੰ ਨੌਕਰੀਆਂ,
ਕੋਈ ਕਿਉਂ ਫੇਰ ਜਵਾਨੀ ਗਾ਼ਲੇ ਬਾਹਰ ?

ਐਥੇ ਦੇ ਹੋਏ ਨਾ ਪਿਛਲੀ ਝਾਕ ਮਿਟੀ ,
ਭਾਵੇਂ ਹੈਨ ਬਿਤਾਏ ਕਈ ਦਹਾਕੇ ਬਾਹਰ ।

‘ਬਾਹਰ’ ਦੇ ਜੀਵਨ ਦਾ ਇਹ ਬਿਆਨ ਸਿਆਸੀ, ਸਮਾਜੀ ਏਜੰਡਿਆਂ ਤੋਂ ਦੂਰ ਨਿਰਛਲ, ਸੱਚਾ-ਸੁੱਚਾ ਆਮ ਆਦਮੀ ਦਾ ‘ਸਹਿਜ-ਸੁਭਾ’ ਬਿਆਨ ਹੈ। ਪਰ ਇਹੀ ‘ਆਮ ਆਦਮੀ’ ਜਦ ‘ਹਿਰਖੀ’ ਵਾਂਗ ਸ਼ਾਇਰ ਰੂਪ ’ਚ ਬੋਲਦਾ ਹੈ ਤਾਂ ਕਹਿੰਦਾ ਹੈ:

ਆਪ ਹੁੰਦੇ ਹਾਂ ਓਪਰੇ ਆਪਾਂ ,
ਥਾਂ ਕੋਈ ਓਪਰੀ ਨਹੀਂ ਹੁੰਦੀ ।

‘ਹਿਰਖੀ’ ਦੀ ਹੁਣ ਤੀਕ ਦੀ ਹਥਲੀ ਸ਼ਾਇਰੀ ਉਸਦੇ ਕਾਵਿ-ਮਨ ਨੂੰ ਲੋਕ-ਮਨ ਤੀਕ ਲੈ ਆਈ ਹੈ। ਤਦੇ ਹੀ ਇਸ ਸ਼ਾਇਰੀ ’ਚ ਲੋਕ-ਮਨ ਦੇ ਦੁਖ-ਦਰਦ, ਝੋਰੇ-ਗ਼ਮ, ਜੀਣ ਲਈ ਸਹਿਣੇ ਪੈ ਰਹੇ ‘ਅਸਹਿਜ’ ਅਤੇ ਲੋਕ-ਸੁਭਾਅ ਤੋਂ ਉਲਟ ਵਰਤਾਰੇ ਮੌਜੂਦ ਹਨ। ਇਹਨਾਂ ਸਭ ਨੂੰ ਸੂਤਰਬਧ ਕਰਕੇ ਲੋਕ-ਮਨ ਨੂੰ ‘ਸਹਿਜ-ਸੁਭਾਅ’ ਵਾਲ਼ੀ ਜ਼ਿੰਦਗੀ ਦੁਆਉਣ ਵਾਲੀ ਸ਼ਾਇਰੀ ਦੀ ਆਸ ਐਸੀ ਸ਼ਾਇਰੀ ਦਾ ਹੀ ਅਗਲਾ ‘ਉਜਲਾ’ ਪੜਾਅ ਹੋ ਸਕਦਾ ਹੈ:

ਉਜਾਲ਼ੇ ਕਰੋ, ਜੇ ਤੁਸੀਂ ਕਰ ਸਕੋ, ਪਰ
ਕਿਸੇ ਦੇ ਲਈ ਵੀ, ਹਨੇਰਾ ਨਾ ਕਰਨਾ ।

ਸਹਿਜ ਗਤੀ ਨਾਲ ਉਜਾਲ਼ੇ ਵੱਲ ਵਧ ਰਹੀ ਅਤੇ ਵਧਾ ਰਹੀ ਇਸ ਸ਼ਾਇਰੀ ਦਾ ਹਾਰਦਿਕ ਸਵਾਗਤ ਕਰਨਾ ਬਣਦਾ ਹੈ।

-ਉਂਕਾਰਪ੍ਰੀਤ,
ਟੌਰਾਂਟੋ, (ਕੈਨੇਡਾ)

ਚਿਰਾਗ਼ਾਂ ਜਿਹੇ ਸ਼ਿਅਰਾਂ ਦਾ ਗੁਲਦਸਤਾ "ਬਲ਼ਦੇ ਚਿਰਾਗ਼ ਹੋਰ" ਨੂੰ ਪੇਸ਼ ਕਰਦਿਆਂ:

ਮੇਰੀਆਂ ਰਚਨਾਵਾਂ ਵਿੱਚ ਨਿੱਕੇ-ਨਿੱਕੇ ਸੁਖ-ਦੁਖ ਸ਼ਾਮਲ ਹਨ ਜੋ ਕਿ ਮੇਰੇ ਆਪਣੇ ਵੀ ਹੋ ਸਕਦੇ ਹਨ, ਦੋਸਤਾਂ-ਮਿੱਤਰਾਂ ਦੇ ਵੀ ਅਤੇ ਸਮਾਜ ਦੇ ਵੀ। ਇਸ ਵਿੱਚ ਸ਼ਾਇਰ ਮਨ ਨੂੰ ਕੋਈ ਫ਼ਰਕ ਨਹੀਂ ਪੈਂਦਾ ਕਿ ਦੁਖ-ਦਰਦ-ਗ਼ਮ-ਝੋਰੇ-ਹੰਝੂ-ਫ਼ਿਕਰ-ਹਾਸੇ-ਮਸਤੀਆਂ-ਗਿਲੇ-ਸ਼ਿਕਵੇ-ਰੁੱਸਣਾ-ਮੰਨਣਾ-ਮਨਾਉਣਾ ਆਦਿ ਨਿੱਜੀ ਹਨ ਜਾਂ ਪਰਾਏ, ਸ਼ਾਇਰ ਮਨ ਅਸਰ ਤਾਂ ਕ਼ਬੂਲਦਾ ਹੀ ਹੈ। ਜੀਵਨ ਵਿੱਚ ਵੱਡੀਆਂ-ਵੱਡੀਆਂ ਖ਼ੁਸ਼ੀਆਂ ਦੇ ਮੌਕੇ ਗਿਣਵੇਂ-ਚੁਣਵੇਂ ਹੀ ਹੁੰਦੇ ਹਨ ਪਰ ਜੀਵਨ ਦਾ ਬਹੁਤ ਵੱਡਾ ਹਿੱਸਾ ਨਿੱਕੇ-ਨਿੱਕੇ ਸੁਖ-ਦੁਖ ਦਾ ਬਣਿਆ ਹੁੰਦਾ ਹੈ। ਇਹ ਨਿੱਕੇ-ਨਿੱਕੇ ਸੁਖ ਇਕੱਠੇ ਕਰਨ ਲਈ ਉਮਰਾਂ ਲੱਗ ਜਾਂਦੀਆਂ ਹਨ ਅਤੇ ਜ਼ਿੰਦਗੀ ਦੇ ਸਫ਼ਰ ਵਿੱਚ ਬਹੁਤ ਸਾਰੇ ਉਤਰਾਅ-ਚੜ੍ਹਾਅ ਆਉਂਦੇ ਹਨ, ਬਹੁਤ ਸਾਰੇ ਚੰਗੇ-ਮਾੜੇ ਲੋਕਾਂ ਨਾਲ਼ ਵਾਹ ਪੈਂਦਾ ਹੈ ਅਤੇ ਰਿਸ਼ਤਿਆਂ ਨੂੰ ਨਿਭਾਉਂਦਿਆਂ ਅੰਦਰ ਕਿੰਨੀ ਟੁੱਟ-ਭੱਜ ਹੁੰਦੀ ਹੈ ਜਾਂ ਕਿੰਨੀਆਂ ਖ਼ੁਸ਼ੀਆਂ ਮਿਲਦੀਆਂ ਹਨ, ਉਹਨਾਂ ਦਾ ਹਿਸਾਬ-ਕਿਤਾਬ ਬਹੁਤ ਪੇਚੀਦਾ ਹੁੰਦਾ ਹੈ। ਲੜਾਈਆਂ ਨਾਲ਼ ਮਸਲੇ ਹੱਲ ਨਹੀਂ ਹੁੰਦੇ, ਵਧੀਕੀਆਂ ਬੰਦਿਆਂ ਦੇ ਦਿਲਾਂ ਵਿੱਚ ਦੂਰੀਆਂ ਪਾਉਂਦੀਆਂ ਹਨ। ਗੁੱਸਾ ਕਦੀ ਵੀ ਨੇੜ ਨਹੀਂ ਕਰ ਸਕਦਾ।

ਮੁਹੱਬਤ ਦੀ ਅਣਹੋਂਦ ਕਾਰਣ ਨਾਲ਼-ਨਾਲ਼ ਰਹਿ ਰਹੇ ਵਿਅਕਤੀਆਂ ਵਿੱਚ ਕੋਹਾਂ ਦੀਆਂ ਦੂਰੀਆਂ ਉਤਪਨ ਹੁੰਦੀਆਂ ਹਨ। ਮੁਹੱਬਤ ਹੀ ਇੱਕ ਐਸਾ ਅਹਿਸਾਸ ਹੈ ਜੋ ਹਜ਼ਾਰਾਂ ਮੀਲ ਦੂਰ ਬੈਠਿਆਂ ਹੋਇਆਂ ਵੀ ਇੱਕ ਦੂਸਰੇ ਦੇ ਦਿਲ ਦੀ ਧੜਕਣ ਸੁਣਨ ਵਿੱਚ ਸਹਾਈ ਹੁੰਦਾ ਹੈ। ਨਿਰਛਲ ਅਤੇ ਸੁਆਰਥ ਰਹਿਤ ਰਿਸ਼ਤੇ ਹੀ ਉਮਰ ਭਰ ਨਿਭਦੇ ਹਨ।

ਮੇਰੀਆਂ ਬਹੁਤੀਆਂ ਗ਼ਜ਼ਲਾਂ ਦੇ ਮਤਲੇ ਆਮ ਗੱਲ-ਬਾਤ ਦੀ ਤਰ੍ਹਾਂ ਸ਼ੁਰੂ ਹੁੰਦੇ ਹਨ ਅਤੇ ਜਿਉਂ-ਜਿਉਂ ਗ਼ਜ਼ਲ ਅੱਗੇ ਵਧਦੀ ਹੈ ਤਿਉਂ-ਤਿਉਂ ਸ਼ਿਅਰ ਪਰਤਾਂ ਖੋਹਲਦੇ ਜਾਪਦੇ ਹਨ। ਮੈਂ ਗ਼ਜ਼ਲਾਂ ਵਿੱਚ ਸਰਲ ਸ਼ਬਦਾਂ ਦੀ ਵਰਤੋਂ, ਗ਼ਜ਼ਲ ਦੇ ਸ਼ਿਅਰਾਂ ਵਿੱਚ ਰਾਬਤਾ, ਸ਼ਿਅਰਾਂ ਦੀ ਰਵਾਨੀ, ਸ਼ਿਅਰਾਂ ਵਿੱਚ ਸਾਫ਼ ਬਿਆਨੀ, ਗ਼ਜ਼ਲ ਵਿੱਚ ਉਠਾਏ ਗਏ ਮੁੱਦੇ ਦਾ ਹੱਲ ਵੀ ਦਿੰਦਾ ਹਾਂ ਅਤੇ ਹਰ ਗ਼ਜ਼ਲ ਵਿੱਚ ਕੋਈ ਨਾ ਕੋਈ ਸੁਨੇਹਾ ਜ਼ਰੂਰ ਪੇਸ਼ ਕਰਦਾ ਹਾਂ, ਜੋ ਕਿ ਆਮ ਪਾਠਕ ਦੀ ਸਮਝ ਵਿੱਚ ਆਉਣ ਵਾਲ਼ਾ ਅਤੇ ਜਨ-ਸਾਧਾਰਨ ਲਈ ਰੋਜ਼ਾਨਾ ਦੇ ਜੀਵਨ ਵਿੱਚ

ਨਿਰਸੰਦੇਹ ਕਲਿਆਣਕਾਰੀ ਵੀ ਜ਼ਰੂਰ ਹੁੰਦਾ ਹੈ । ਮੇਰਾ ਗ਼ਜ਼ਲ ਕਹਿਣ ਦਾ ਢੰਗ ਆਪਣੀ ਗੱਲ ਨੂੰ ਸੰਪੂਰਨ ਕਰਨ ਦੇ ਨਾਲ਼-ਨਾਲ਼ ਪਾਠਕ ਨੂੰ ਨਾਲ਼ ਲੈ ਤੁਰਨਾ ਵੀ ਹੁੰਦਾ ਹੈ । ਮੇਰੀਆਂ ਗ਼ਜ਼ਲਾਂ ਦੀ ਬਣਤਰ 'ਤੇ ਗੁਰਬਾਣੀ ਦਾ ਅਸਰ ਵੀ ਹੈ, ਇਹਨਾਂ ਵਿੱਚ ਬਖ਼ਸ਼ਿਸ਼ਾਂ ਲਈ ਪਰਮਾਤਮਾ ਦਾ ਸ਼ੁਕਰਾਨਾ ਵੀ ਹੈ ਅਤੇ ਜੇ ਮਿਹਰ ਲਈ ਦੇਰ ਹੋ ਜਾਵੇ ਤਾਂ ਨਿਹੋਰੇ ਵੀ ।

ਕਈ ਵਾਰ ਸਾਫ਼ ਤੇ ਸਪਸ਼ਟਤਾ ਨੂੰ ਵਿਦਵਾਨ ਲੋਕ ਸਪਾਟ-ਬਿਆਨੀ ਆਖਦੇ ਹਨ, ਪਰ ਜਾਣ-ਬੁੱਝ ਕੇ ਪੈਦਾ ਕੀਤੀ ਗਈ ਗੁੰਝਲ ਜਾਂ ਪੇਚੀਦਾਪਨ ਦੇ ਕੀ ਮਾਇਨੇ ? ਮੈਂ ਆਪਣੀਆਂ ਗ਼ਜ਼ਲਾਂ ਵਿੱਚ ਗੱਲ ਬਹੁਤੀ ਗੋਲ-ਮੋਲ ਨਹੀਂ ਕਰਦਾ ਜਿਸ ਨੂੰ ਸਮਝਣ ਵਿੱਚ ਦਾਨਿਸ਼ਵਰ ਹੋਣਾ ਲਾਜ਼ਮੀ ਹੋਵੇ ਜਾਂ ਗ਼ਜ਼ਲ ਦੀ ਸਮਝ ਹੋਵੇ ਜਾਂ ਸਿਰਫ਼ ਸ਼ਾਇਰ ਲੋਕ ਹੀ ਸਮਝ ਸਕਣ ਜਾਂ ਗ਼ਜ਼ਲ ਨੂੰ ਸਮਝਣ ਲਈ ਡਿਕਸ਼ਨਰੀਆਂ ਜਾਂ ਆਲੋਚਕਾਂ ਦੀ ਜ਼ਰੂਰਤ ਪਵੇ । ਸ਼ਿਅਰਾਂ ਦੀ ਉਚਾਈ ਜਾਂ ਡੂੰਘਾਈ ਅਸਲੀਅਤ ਨਾਲ਼ ਜੁੜੀ ਹੋਵੇ ਤਾਂ ਹੀ ਲੋਕਾਂ ਦੇ ਨੇੜੇ ਦੀ ਹੋਵੇਗੀ, ਲੋਕ ਪੜ੍ਹ ਕੇ ਸਮਝ ਹੀ ਨਹੀਂ ਸਕਣਗੇ ਤਾਂ ਉਸ ਸ਼ਾਇਰੀ ਦਾ ਬਹੁਤਾ ਲਾਭ ਨਹੀਂ । ਓਦਾਂ ਦੀ ਸ਼ਾਇਰੀ ਦਾਨਿਸ਼ਵਰਾਂ ਲਈ ਹੋ ਸਕਦੀ ਹੈ, ਪਰ ਮਹਿਬੂਬ ਜਾਂ ਮਹਿਬੂਬਾ ਦੀ ਸਮਝੋਂ ਬਾਹਰ ਦੀ ਸ਼ਾਇਰੀ ਨਾਲ਼ ਮਕਸਦ ਤਾਂ ਪੂਰਾ ਨਹੀਂ ਹੋ ਸਕੇਗਾ । ਇਸ ਕਿਤਾਬ ਵਿੱਚ ਬਹੁਤ ਬਹਿਰਾਂ / ਵਜ਼ਨਾਂ ਵਿੱਚ ਗ਼ਜ਼ਲਾਂ ਦਿਲਚਸਪ ਕ਼ਾਫ਼ੀਏ / ਰਦੀਫ਼ਾਂ ਨਾਲ਼ ਸਿੰਗਾਰੀਆਂ ਗਈਆਂ ਹਨ ਅਤੇ ਆਸ ਹੈ ਕਿ ਪਾਠਕਾਂ ਨੂੰ ਇਹ ਵੰਨ-ਸੁਵੰਨਤਾ ਪਸੰਦ ਆਏਗੀ ।

ਮੇਰੀਆਂ ਬਹੁਤੀਆ ਗ਼ਜ਼ਲਾਂ ਦਾ ਮਤਲਾ ਤੇ ਮਕ਼ਤਾ ਜੇ ਇਕੱਠੇ ਕਰ ਦਿੱਤੇ ਜਾਣ ਤਾਂ ਉਹ 'ਕ਼ਤਆ' ਦਾ ਰੂਪ ਧਾਰ ਜਾਂਦੇ ਹਨ, ਇਹਨਾਂ ਵਿੱਚ ਇਹ ਰਾਬਤਾ ਕਾਇਮ ਹੋਣਾ ਭਾਵੇਂ ਜ਼ਰੂਰੀ ਨਹੀਂ, ਪਰ ਸੋਖਿਆਂ ਵੀ ਪੈਦਾ ਨਹੀਂ ਹੁੰਦਾ ।

ਇੱਕ ਗ਼ਜ਼ਲ ''ਸੁੱਤੇ ਰਹਿ ਗਏ ਜਜ਼ਬੇ'' ਵਿੱਚ ਮੈਂ ਬੜੇ ਸੁਚੇਤ ਮਨ ਨਾਲ਼ ਗ਼ਜ਼ਲ ਐਬ 'ਸ਼ਕਸਤ-ਏ-ਨਾਰਵਾ' (ਗ਼ਲਤ ਜਗਾਹ ਵਿਸ਼ਰਾਮ ਲੱਗਣਾ / ਲਾਉਣਾ) ਪੈਦਾ ਕੀਤਾ ਹੈ ਜੋ ਇੱਕ ਖ਼ਾਸ ਕਿਸਮ ਦਾ ਰੰਗ ਪੈਦਾ ਕਰ ਗਿਆ ਹੈ । ਭਾਵੇਂ ਇਹ ਐਬ ਹੈ, ਜਿਸ ਲਈ ਮੈਂ ਮੁਆਫ਼ੀ ਚਾਹੁੰਦਾ ਹਾਂ, ਪਰ ਇਹ ਕਿਸ ਤਰ੍ਹਾਂ ਦਾ ਲੱਗਿਆ? ਇਹ ਜਾਣਨ ਲਈ ਮੈਂ ਉਤਸੁਕ ਰਹਾਂਗਾ ।

ਗ਼ਜ਼ਲ ਦੀ ਮੁਢਲੀ ਸਿੱਖਿਆ ਮੈਂ ਉਸਤਾਦ ਜਨਾਬ ਦੀਪਕ 'ਜੈਤੋਈ' ਸਾਹਿਬ ਤੋਂ ਲਈ । ਉਹਨਾਂ ਨੂੰ ਸ਼ਰਧਾ ਭੇਂਟ ਕਰਨ ਲਈ 'ਪੱਥਰ' ਗ਼ਜ਼ਲ ਦਾ ਮਕ਼ਤਾ ਪੇਸ਼ ਕੀਤਾ ਹੈ, ਪੜ੍ਹੋ । ਉਹਨਾਂ ਤੋਂ ਬਾਅਦ ਗ਼ਜ਼ਲ ਦੇ ਬਹੁਤ ਸਾਰੇ ਰੰਗਾਂ ਦੀ

ਪਹਿਚਾਣ ਲਈ ਉਲਫ਼ਤ 'ਬਾਜਵਾ' ਜੀ ਤੋਂ ਇਸਲਾਹ ਲੈਂਦਾ ਰਿਹਾ ਹਾਂ ਜੋ ਕਿ ਆਪ ਨਿਵੇਕਲੀਆਂ ਰਦੀਫ਼ਾਂ ਦੇ ਰਚੇਤਾ ਰਹੇ ਹਨ ਅਤੇ ਮੁਹਾਵਰਿਆਂ ਦੀ ਵਰਤੋਂ ਉਹ ਜਹੁਰੀਆਂ ਵਾਂਗ ਨਗੀਨੇ ਜੜਨ ਵਾਂਗੂੰ ਕਰਿਆ ਕਰਦੇ ਸਨ । ਉਹਨਾਂ ਦੀ ਤਬੀਅਤ ਦਾ ਅਸਰ ਵੀ ਮੇਰੀਆਂ ਗ਼ਜ਼ਲਾਂ 'ਚੋਂ ਸਾਫ਼ ਝਲਕੇਗਾ । ਇਸ ਸੰਬੰਧ ਨੂੰ ਅੱਗੇ ਤੋਰਦਿਆਂ ਮੇਰੇ ਵੱਡੇ ਗੁਰ-ਭਾਈ ਉਂਕਾਰਪ੍ਰੀਤ ਜੀ ਨੇ ਹਮੇਸ਼ਾ ਉਸਾਰੂ ਸੁਝਾ ਦੇ ਕੇ ਮੇਰੀ ਰਹਿਨੁਮਾਈ ਕੀਤੀ ਹੈ, ਜਿਸ ਲਈ ਮੈਂ ਉਹਨਾਂ ਦਾ ਬਹੁਤ ਸ਼ੁਕਰ-ਗੁਜ਼ਾਰ ਹਾਂ । ਅਜਕਲ ਮੈਂ ਡਾ. ਗੁਰਦਰਸ਼ਨ 'ਬਾਦਲ' ਜੀ ਤੋਂ ਇਸਲਾਹ ਲੈ ਰਿਹਾ ਹਾਂ ਅਤੇ ਉਹਨਾਂ ਦੀ ਰਹਿਨੁਮਾਈ ਅਤੇ ਹੱਲਾ-ਸ਼ੇਰੀ ਸਦਕਾ ਹੀ ਇਹ ਗ਼ਜ਼ਲਾਂ ਦੀ ਕਿਤਾਬ **"ਬਲ਼ਦੇ ਚਿਰਾਗ਼ ਹੋਰ"** ਪਿਆਰੇ ਪਾਠਕਾਂ ਤੱਕ ਪਹੁੰਚ ਸਕੀ ਹੈ ।

ਜਿਸਨੇ ਮੇਰੇ ਅੰਦਰ ਅਪਣੱਤ ਦੀ ਚਿਣਗ ਬਾਲ਼ੀ ਸੀ, ਉਸਦੀ ਯਾਦ ਵਿੱਚ ਮੈਂ ਦਿਲ ਦੀ ਮਮਟੀ 'ਤੇ ਮੁਹੱਬਤ ਦਾ ਚਿਰਾਗ਼ ਬਾਲ਼ ਕੇ ਧਰ ਲਿਆ ਸੀ, ਉਹ ਅਜੇ ਤਕ ਅਡੋਲ ਬਲ਼ਦਾ ਹੈ ਤੇ ਅੰਤਲੇ ਸਾਹ ਤਕ ਭਰਪੂਰ ਬਲ਼ਦਾ ਰਹੇਗਾ ।

ਅੰਤ ਵਿੱਚ ਮੈਂ ਉਹਨਾਂ ਸਭ ਦੋਸਤਾਂ ਮਿੱਤਰਾਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਹਨਾਂ ਨੇ ਸਮੇਂ-ਸਮੇਂ ਮੇਰੀਆਂ ਰਚਨਾਵਾਂ ਬਾਰੇ ਆਪਣੇ ਕੀਮਤੀ ਸੁਝਾਅ ਦੇ ਕੇ ਵਧੀਆ ਲਿਖਣ ਦੀ ਪ੍ਰੇਰਨਾ ਦਿੱਤੀ । ਇਹਨਾਂ ਵਿੱਚ ਡੀ. ਆਰ. ਧਵਨ, ਆਰਿਫ਼ ਗੋਬਿੰਦਪੁਰੀ ਅਤੇ ਕਿਰਪਾਲ ਸਿੰਘ ਪੰਨੂੰ ਦੇ ਨਾਂ ਵਿਸ਼ੇਸ਼ ਹਨ । ਮੈਂ ਆਪਣੇ ਪਰਿਵਾਰ ਦਾ ਵੀ ਧੰਨਵਾਦੀ ਹਾਂ ਜਿਹਨਾਂ ਨੇ ਇਸ ਕਿਤਾਬ ਦੀ ਤਿਆਰੀ ਵਿੱਚ ਮੇਰੀ ਹਰ ਸੰਭਵ ਮਦਦ ਕੀਤੀ ਹੈ । ਅੰਤ ਵਿੱਚ ਮੈਂ ਜਨਮੇਜਾ ਸਿੰਘ ਜੌਹਲ ਜੀ ਦਾ ਵੀ ਧੰਨਵਾਦੀ ਹਾਂ ਜਿਹਨਾਂ ਨੇ ਕਿਤਾਬ ਦੇ ਕਵਰ ਡਿਜ਼ਾਇਨ ਤੋਂ ਲੈ ਕੇ ਛਪਾਈ ਦਾ ਕੰਮ ਬੜੇ ਮਨ ਨਾਲ਼ ਕਰਕੇ ਇਸਨੂੰ ਇਕ ਖ਼ੂਬਸੂਰਤ ਦਿੱਖ ਦਿੱਤੀ ਹੈ ।

ਮੈਨੂੰ ਪੂਰੀ ਆਸ ਹੈ ਕਿ ਤੁਸੀਂ ਮੇਰੀਆਂ ਰਚਨਾਵਾਂ ਬਾਰੇ ਆਪਣੇ ਕੀਮਤੀ ਸੁਝਾ ਭੇਜ ਕੇ ਮੈਨੂੰ ਧੰਨਵਾਦੀ ਬਣਾਉਗੇ । ਆਪਣੀ ਤਬੀਅਤ ਬਾਰੇ ਦੱਸਣਾ ਹੋਵੇ ਤਾਂ ਮੈਂ ਆਪਣੀ ਇਕ ਗ਼ਜ਼ਲ ਦਾ ਮਤਲਾ ਅਤੇ ਮਕ਼ਤਾ ਇਕੱਠੇ ਦੇ ਕੇ ਉੱਪਰ ਕਹੇ ਅਨੁਸਾਰ 'ਕ਼ਤਆ' ਦੇ ਰੂਪ ਵਿੱਚ ਪੇਸ਼ ਕਰਨ ਦੇ ਨਾਲ਼ ਇਜਾਜ਼ਤ ਲਵਾਂਗਾ:

ਕਾਲ਼ੀ ਪੱਗ ਤੇ ਚੰਚਲ ਦਿਲ ।
ਉੜਨਾ ਲੋਚੇ ਹਰ ਪਲ ਦਿਲ ।
'ਹਿਰਖੀ' ਹੈ ਅਖ਼ਰੋਟ ਜਿਹਾ,
ਉੱਤੋਂ 'ਟ਼ਫ਼' ਤੇ ਮਲਮਲ ਦਿਲ ।

ਤੁਹਾਡਾ ਆਪਣਾ: **ਅਜੀਤ 'ਹਿਰਖੀ'**

*

ਸਿਖਰ ਦੁਪਹਿਰੇ ਸੂਰਜ ਮੋਇਆ , ਚੰਨ ਵੀ ਮੋਇਆ ਰਾਤਾਂ ਨੂੰ ।
ਦਿਨ ਵਿਚ ਵੀ ਸੀ ਮਾੜਾ ਹੋਇਆ, ਮਾੜਾ ਹੋਇਆ ਰਾਤਾਂ ਨੂੰ ।

ਜ਼ਾਲਿਮ ਨੇ ਸੀ ਜ਼ੁਲਮ ਹੀ ਢਾਉਣਾ, ਕੀ ਦਿਨ ਹੈ ਕੀ ਰਾਤ ਭਲਾ,
ਸੋਈ ਹੋਇਆ ਸਿਖਰ ਦੁਪਹਿਰੇ , ਜੋ-ਜੋ ਹੋਇਆ ਰਾਤਾਂ ਨੂੰ ।

ਖ਼ੂਨ-ਖ਼ਰਾਬਾ ਹੋਣਾ ਹੀ ਸੀ , ਕਿਸਨੇ ਕੀਤਾ ਕੀ ਕਹੀਏ ?
ਸਿਖ਼ਰ ਦੁਪਹਿਰ ਹਕੀਕਤ ਮੋਈ , ਸੁਪਨਾ ਮੋਇਆ ਰਾਤਾਂ ਨੂੰ ।

ਅਪਣੀ ਜਾਨ ਲੁਕਾਉਂਦੇ ਫਿਰੀਏ , ਸੱਚੋ-ਸਚ ਕਹਿਣੋ ਡਰੀਏ,
ਅਪਣਾ ਆਪ ਲੁਕੋਇਆ ਦਿਨ ਵਿਚ, ਦਰਦ ਲੁਕੋਇਆ ਰਾਤਾਂ ਨੂੰ ।

ਬਾਪੂ ਰੋਇਆ , ਮਾਂ ਵੀ ਰੋਈ , ਭੈਣ-ਭਰਾ ਤੇ ਆਂਢ-ਗਵਾਂਢ ,
ਜੋ ਨਾ ਰੋਇਆ ਸਭ ਦੇ ਸਾਹਵੇਂ , ਉਹ ਵੀ ਰੋਇਆ ਰਾਤਾਂ ਨੂੰ ।

ਬੁੱਢੇ-ਵਾਰੇ ਪੁੱਤ ਦਾ ਦੁਖੜਾ , ਸੀਨੇ ਵਿੱਚ ਛੁਪਾ ਕੇ ਉਹ ,
ਬੁੱਢਾ ਪਿੰਜਰ ਮੰਜੇ ਉੱਤੇ , ਢੇਰੀ ਹੋਇਆ ਰਾਤਾਂ ਨੂੰ ।

ਸੌਖਾ ਨਹੀਂ ਵਿਛੋੜਾ ਜਰਨਾ , ਰੱਤ ਨਿਚੋੜੇ ਜਿਸਮਾਂ 'ਚੋਂ ,
ਖ਼ੂਨ ਦੇ ਹੰਝੂ 'ਕੱਠੇ ਕਰਕੇ , ਹਾਰ ਪਰੋਇਆ ਰਾਤਾਂ ਨੂੰ ।

ਡਰ ਤੇ ਸਹਿਮ ਜਿਹਾ ਸੀ ਮਨ ਵਿਚ , ਅਣਹੋਣੀ ਨਾ ਹੋ ਜਾਵੇ ,
ਜਾਗੋ - ਮੀਟੀ ਵਿਚ ਸਾਂ ਸੌਂਦਾ , ਮੈਂ ਅਧਮੋਇਆ ਰਾਤਾਂ ਨੂੰ ।

ਸਭ ਦੇ ਸਾਹਵੇਂ ਰੋ ਕੇ ਉਸਨੇ , ਗੱਲ ਮੁਕਾਈ ਵਿਛੜਨ ਦੀ ,
ਉਮਰ ਦਾ ਰੋਣਾ ਲੈ ਕੇ ਹੁਣ ਤਕ , 'ਹਿਰਖੀ' ਰੋਇਆ ਰਾਤਾਂ ਨੂੰ ।

*

ਜਦ ਵੀ ਸਾਹਵੇਂ ਆਏ ਪੱਥਰ।
ਆਪਾਂ ਸੀਨੇ ਲਾਏ ਪੱਥਰ।

ਦਿਲ ਦੇ ਤਾਰ ਹਿਲਾਏ ਪੱਥਰ।
ਵਾਲ਼ ਜਦੋਂ ਝਟਕਾਏ ਪੱਥਰ।

ਫੁੱਲਾਂ ਨਾਲ਼ੋਂ ਨਾਜ਼ੁਕ ਹੈ ਉਹ,
ਭਾਵੇਂ ਉਹ ਅਖਵਾਏ ਪੱਥਰ।

ਜਦ ਮਿਲ਼ਦਾ ਹੈ ਨੀਵੀਂ ਪਾ ਕੇ,
ਸੀਨੇ ਅੱਗ ਮਚਾਏ ਪੱਥਰ।

ਇਕ ਮੁਸਕਾਣ ਦਿਖਾ ਕੇ ਉਸਨੇ,
ਕਿੰਨੇ ਹੀ ਭਰਮਾਏ ਪੱਥਰ।

ਆਂਢ-ਗਵਾਂਢ 'ਚ ਜਦ ਵੀ ਚੱਲੇ,
ਮੇਰੇ ਘਰ ਵੀ ਆਏ ਪੱਥਰ।

ਜਿਸਦਾ ਘਰ ਸ਼ੀਸ਼ੇ ਦਾ ਹੋਵੇ,
ਉਹ ਕਿਉਂ ਫੇਰ ਉਠਾਏ ਪੱਥਰ ?

ਜਦ ਸੁਣਿਆ 'ਹਿਰਖੀ' ਤੁਰ ਚੱਲਿਆ,
ਛਮ-ਛਮ ਨੀਰ ਵਹਾਏ ਪੱਥਰ।

ਇਲਮ ਦੀ ਜੋਤਿ ਜਗਾ ਕੇ 'ਹਿਰਖੀ',
'ਦੀਪਕ' ਨੇ ਰੁਸ਼ਨਾਏ ਪੱਥਰ।

*

ਬਿੰਦ ਕੁ ਅੱਖ ਲਗਾ ਕੇ ਦੇਖ।
ਪੈਰ ਝਨਾਂ ਵਿਚ ਪਾ ਕੇ ਦੇਖ।

ਮੇਰਾ ਅਕਸ ਦਿਸੇਗਾ ਸਾਫ਼,
ਨੈਣੋਂ ਗਰਦ ਹਟਾ ਕੇ ਦੇਖ।

ਅਜ਼ਲਾਂ ਤੋਂ ਹੈ ਪਿਆਸੀ ਰੂਹ,
ਇਸ ਦੀ ਪਿਆਸ ਬੁਝਾ ਕੇ ਦੇਖ।

ਨਾ ਦੀ ਰਟ ਨਾ ਲਾਈ ਰੱਖ,
ਹਾਂ ਦੀ ਰਟ ਵੀ ਲਾ ਕੇ ਦੇਖ।

ਕਿਹੜੇ ਵਖਤੀਂ ਉਲਝੀ ਜ਼ਿੰਦ,
'ਕੇਰਾਂ ਏਧਰ ਆ ਕੇ ਦੇਖ।

ਚਿਹਰੇ ਤੋਂ ਦਿਸ ਪੈਣੈ ਸਾਫ਼,
ਦਿਲ ਦਾ ਦਰਦ ਲੁਕਾ ਕੇ ਦੇਖ।

ਇੱਜ਼ਤ, ਸ਼ੁਹਰਤ, ਰੁਤਬਾ, ਪਿਆਰ,
ਮੁਸ਼ਕਿਲ ਬਹੁਤ, ਕਮਾ ਕੇ ਦੇਖ।

ਮਨ ਜਿੱਤੇਂ ਤਾਂ ਜਿੱਤ ਹੀ ਜਿੱਤ,
ਮਨ 'ਤੇ ਕਾਠੀ ਪਾ ਕੇ ਦੇਖ।

'ਹਿਰਖੀ' ਸਹਿਕ ਰਿਹੈ ਹੁਣ ਤੀਕ,
ਵਕ਼ਤ ਮਿਲ਼ੇ ਤਾਂ ਆ ਕੇ ਦੇਖ।

*

ਨਫ਼ਰਤ ਜਨੂੰਨ ਗੁੱਸਾ , ਵਧਿਐ ਜਹਾਨ 'ਤੇ।
ਆਵੇ ਨਾ ਸ਼ਰਮ ਸਾਨੂੰ , ਐਸੇ ਰੁਝਾਨ 'ਤੇ।

ਮਜ਼ਹਬ ਦੇ ਨਾਂ 'ਤੇ ਉਹ ਵੀ , ਗੁੱਸੇ 'ਚ ਆ ਗਿਆ,
ਪੱਥਰ ਉਨ੍ਹੇ ਵੀ ਮਾਰੇ , ਸਾਡੇ ਮਕਾਨ 'ਤੇ।

ਬੁਜ਼ਦਿਲ ਸਮਝ ਕੇ ਸਾਨੂੰ , ਧੋਖਾ ਨਾ ਖਾ ਲਵੀਂ,
ਜੇ ਲੋੜ ਪੈ ਗਈ ਤਾਂ , ਖੇਡਾਂਗੇ ਜਾਨ 'ਤੇ।

ਪੱਕੀ ਕਣਕ ਖੜ੍ਹੀ ਸੀ , ਖੇਤਾਂ 'ਚ ਭਿਜ ਗਈ ,
ਬਾਰਸ਼ ਗਿਰੀ ਸੀ ਬਣਕੇ , ਬਿਜਲੀ ਕਿਸਾਨ 'ਤੇ।

ਰਹਿੰਦਾ ਹੈ ਨਾਲ਼ ਮੇਰੇ , ਹੁੰਦਾ ਨਹੀਂ ਜੁਦਾ ,
ਟੰਗੀ ਹੈ ਜਾਨ ਮੇਰੀ , ਜਿਸਨੇ ਮਚਾਨ 'ਤੇ।

ਹਾਂ - ਹਾਂ ਕਹੇ ਕਦੀ ਉਹ , ਨਾ - ਨਾ ਕਹੇ ਕਦੀ ,
ਖੜ੍ਹਦਾ ਨਹੀਂ ਕਦੀ ਵੀ , ਅਪਣੀ ਜ਼ੁਬਾਨ 'ਤੇ।

ਊਂ ਆ ਵਸੇ ਹਾਂ ਬਾਹਰ , ਚਾਹੁੰਦੇ ਹਾਂ ਫੇਰ ਵੀ ,
ਆਫ਼ਤ ਕੁਈ ਨਾ ਆਵੇ , ਹਿੰਦੋਸਤਾਨ 'ਤੇ।

ਵੈਦਾਂ ਜਵਾਬ ਦਿੱਤਾ , ਫਿਰ ਵੀ ਉਹ ਬਚ ਗਿਆ ,
ਰੱਖੀ ਸੀ ਓਟ ਉਸਨੇ , ਕਿਰਪਾ - ਨਿਧਾਨ 'ਤੇ।

ਮਿਲ਼ਦੇ ਓ ਜਦ ਵੀ 'ਹਿਰਖੀ', ਕੱਢਦੇ ਓ ਜਾਨ ਕਿਉਂ ?
ਮਿਲ਼ਦੇ ਨਹੀਂ ਜਦੋਂ ਤਕ , ਬਣਦੀ ਹੈ ਜਾਨ 'ਤੇ।

*

ਚੰਚਲ ਮਨ ਤੇ ਸਹਿਜ ਅਵਸਥਾ, ਸੁਪਨਾ ਹੈ।
ਚੰਚਲਤਾ ਦੇ ਲਈ ਇਹ ਰਸਤਾ, ਸੁਪਨਾ ਹੈ।

ਉਸਦੇ ਆਇਆਂ ਫੁੱਲ ਖਿੜ ਪੈਣੇ, ਪੱਤਝੜ ਵਿਚ,
ਮਹਿਕ ਪਵੇਗਾ ਇਹ ਚੌਗਿਰਦਾ , ਸੁਪਨਾ ਹੈ ।

ਜੀਣਾ ਸੌਖਾ ਹੋ ਜਾਏਗਾ ਦੁਨੀਆ ਵਿਚ ,
ਮੁਕ ਜਾਏਗਾ ਹਰ ਇਕ ਤਰਲਾ, ਸੁਪਨਾ ਹੈ।

ਉਸਦੇ ਭੋਲ਼ੇਪਨ ਦੀ ਨਹੀਂ ਮਿਸਾਲ ਕਿਤੇ ,
ਦਿਲ 'ਤੇ ਕਰਕੇ ਹਮਲਾ ਕਹਿੰਦਾ, ਸੁਪਨਾ ਹੈ।

ਸਾਉਣ ਮਹੀਨੇ ਕੁੜੀਆਂ ਪੀਂਘਾਂ ਝੁਟਦੀਆਂ ,
ਨਾਲ਼ੇ ਗਾਉਣ ਤੇ ਕੱਤਣ ਚਰਖਾ, ਸੁਪਨਾ ਹੈ।

ਇੱਕੋ ਝਲਕ ਦਿਖਾਈ ਮੁੜ ਨਾ ਦਿਸਿਆ ਉਹ,
ਫਿਰ ਪਰਤੱਖ ਦਿਸੇਗਾ ਜਲਵਾ, ਸੁਪਨਾ ਹੈ।

ਹਿਜਰ 'ਚ ਸੜਦੇ ਨੂੰ ਹੋਊ ਵਸਲ ਪਰਾਪਤ,
ਔੜ 'ਚ ਪੈ ਜਾਏਗੀ ਬਰਖਾ, ਸੁਪਨਾ ਹੈ।

ਉਹ ਪਲ ਆਵੇ , ਜਦ ਚਾਨਣ ਹੋਵੇ ਅੰਦਰ ,
ਹਾਲੇ ਤਕ ਤਾਂ ਐਸਾ ਲਮਹਾ , ਸੁਪਨਾ ਹੈ।

ਜੀਵਨ ਬਾਰੇ ਪੁੱਛੋਗੇ ਤਾਂ ਆਖਾਂਗਾ ,
ਸੱਚਾ ਕਹਿ ਦੇ 'ਹਿਰਖੀ' ਮਕ਼ਤਾ, ਸੁਪਨਾ ਹੈ।

*

ਹੈ ਖ਼ੁਦਾ ਖ਼ੁਦ ਅਪਾਰ ਸੂਖਮ।
ਦੇਖ ਉਸਦਾ ਪਸਾਰ ਸੂਖਮ।

ਰਬ ਤੋਂ ਪਿੱਛੋਂ ਹੈ ਪਿਆਰ ਸੂਖਮ।
ਇਸ ਲਈ ਕਰ ਕਰਾਰ ਸੂਖਮ।

ਮਹਿਕ ਪਸਰੀ ਚੁਫ਼ੇਰ ਉਸਦੀ,
ਬਾਗ਼ ਉੱਤੇ ਬਹਾਰ ਸੂਖਮ।

ਬਖ਼ਸ਼ਦੈ ਉਹ, ਮਗਰ ਲਿਖਾਂ ਮੈਂ,
ਮਨ 'ਚ ਆਉਂਦੇ ਵਿਚਾਰ ਸੂਖਮ।

ਔਖੇ ਸਮਝੇ ਰਿਸ਼ੀ ਮੁਨੀ ਵੀ,
ਜ਼ਿੰਦਗੀ ਦਾ ਹੈ ਸਾਰ ਸੂਖਮ।

ਵੈਦ ਨੂੰ ਕਿਸ ਤਰ੍ਹਾਂ ਦਿਸੇਗਾ ?
ਇਸ਼ਕ ਦਾ ਹੈ ਬੁਖ਼ਾਰ ਸੂਖਮ।

ਚੀਰ ਜਾਵੇ ਜਿਵੇਂ ਹੈ ਲੇਜ਼ਰ,
ਹੈ ਨਜ਼ਰ ਦੀ ਕਟਾਰ ਸੂਖਮ।

ਓਸ ਜੁੰਡਲੀ 'ਚ ਇੱਕ ਹੈ ਅੱਨ੍ਹਾ,
ਹੋਰ ਬਾਕੀ ਦੇ ਚਾਰ ਸੂਖਮ।

ਸੋਚ ਹੋਵੇ ਮਹੀਨ ਮੇਰੀ,
ਹੋਣ 'ਹਿਰਖੀ' ਵਿਚਾਰ ਸੂਖਮ।

*

ਦੁਖ ਤੇ ਸੁਖ ਦੀ ਜੇ ਰਹੇ ਮਿਕਦਾਰ ਮਾੜੀ।
ਸਚ ਕਹਾਂ ਤਾਂ ਐ ਮਿਰੇ ਕਰਤਾਰ! ਮਾੜੀ।

ਦੋਸਤੀ ਵਿਚ ਦੁਸ਼ਮਣੀ ਚੰਗੀ ਨਹੀਂ ਹੈ,
ਦੋਸਤਾ! ਇਕ ਦੂਸਰੇ ਥੀਂ ਖ਼ਾਰ ਮਾੜੀ।

ਠੀਕ ਹੈ ਰੱਖਿਆ ਲਈ, ਇੱਜ਼ਤ ਲਈ, ਪਰ
ਹੈ ਡਰਾਉਣੇ ਵਾਸਤੇ ਤਲਵਾਰ ਮਾੜੀ।

ਪਾਣੀਆਂ ਨੂੰ ਰਿੜਕਿਆਂ ਨਿਕਲੇ ਨਾ ਮੱਖਣ,
ਜਿਸਦਾ ਸਿਰ ਨਾ ਪੈਰ, ਉਹ ਤਕਰਾਰ ਮਾੜੀ।

ਦਰਦ ਦਿਲ ਦਾ ਵਧ ਰਿਹੈ ਦਾਰੂ ਬਿਨਾ ਹੁਣ,
ਲਾਰਿਆਂ ਦੀ ਸਾਕੀਆ ! ਭਰਮਾਰ ਮਾੜੀ।

ਪਿਆਰ ਵਿਚ ਨਫ਼ਰਤ ਜਦੋਂ ਜਨਮੇ, ਬੁਰੀ ਹੈ,
ਜਿਉਂ ਪਵਿੱਤਰ ਪਾਣੀਆਂ ਵਿਚ ਗਾਰ ਮਾੜੀ।

ਹਾਂ-ਨਾ ਦੇ ਚੱਕਰ 'ਚ ਪਾ ਕੇ ਨਾ ਘੁਮਾ ਤੂੰ,
ਜ਼ਿੰਦਗੀ ਕਰਨੀ ਇਵੇਂ ਦੁਸ਼ਵਾਰ ਮਾੜੀ।

ਮਿਲਦੀਆਂ ਨੇ ਰੋਜ਼ ਨਜ਼ਰਾਂ, ਸਹਿਜ ਨੇ, ਪਰ
ਜਦ ਨਜ਼ਰ ਹੋਈ ਦਿਲਾਂ ਦੇ ਪਾਰ, ਮਾੜੀ।

'ਹਿਰਖੀਆ'! ਕੀ ਹੋ ਗਿਐ ਨਾਦਾਨ ਦਿਲ ਨੂੰ?
ਉਮਰ ਗ਼ੁਜ਼ਰੀ 'ਤੇ ਛਿੜੇ ਜੇ ਤਾਰ, ਮਾੜੀ।

*

ਤੇਰੀ ਗਲ਼ੀ 'ਚ ਆ ਕੇ, ਰੁਕਿਆਂ ਨਿਸੰਗ ਦੇਖ।
ਆਇਆ ਹਾਂ ਦਿਲ 'ਚ ਲੈ ਕੇ, ਸੱਜਰੀ ਉਮੰਗ ਦੇਖ।

ਏਦਾਂ ਨਾ ਸੁਹਣਿਆਂ ਤੂੰ, ਹੋ-ਹੋ ਕੇ ਦੰਗ ਦੇਖ।
ਭਾਵੇਂ ਅਜੀਬ ਲੱਗਣ, ਦੁਨੀਆ ਦੇ ਰੰਗ ਦੇਖ।

ਕਰਦੇ ਹਾਂ ਪਿਆਰ ਆਪਾਂ, ਜਲ਼ਦਾ ਹੈ ਰੋਜ਼ ਗ਼ੈਰ,
ਮੁੜ-ਮੁੜ ਕੇ ਘੁਰਦਾ ਹੈ, ਕੈਦੋਂ ਅਪੰਗ ਦੇਖ।

ਡਰ-ਡਰ ਕੇ ਪਿਆਰ ਕਰਕੇ, ਨਾ ਬਣ ਗੁਨਾਹਗਾਰ,
ਚਾਰਾ ਨਹੀਂ ਜੇ ਚਲਦਾ, ਕੁਝ ਹੋਰ ਢੰਗ ਦੇਖ।

ਨਾ ਦੇਖ ਚੋਰੀ-ਚੋਰੀ, ਆ ਜਾ ਜ਼ਰਾ ਕਰੀਬ,
ਜੇ ਦੇਖਣਾ ਹੀ ਹੈ ਤਾਂ, ਹੋ ਕੇ ਨਿਸੰਗ ਦੇਖ।

ਰਿਸ਼ਤੇ ਜੋ ਖ਼ੂਨ ਦੇ ਸਨ, ਕੀਤੇ ਨੇ ਦੂਰ - ਦੂਰ,
ਕੀ-ਕੀ ਕਮਾਲ ਕਰਦੈ, ਨਫ਼ਰਤ ਦਾ ਡੰਗ ਦੇਖ।

ਕਰਦਾ ਹੈ ਦਿਲ ਕਿ ਮੈਂ ਵੀ, ਉੜਲਾਂ ਅਕਾਸ਼ ਵਿੱਚ,
ਉੜਦੇ ਜਿਵੇਂ ਨੇ ਪੰਛੀ, ਉੜਦੀ ਪਤੰਗ ਦੇਖ।

ਤੇਰੇ ਵਿਯੋਗ ਅੰਦਰ, ਹੋਣਾ ਸੀ ਇਹ ਵੀ ਹਾਲ,
ਸੁਕਦਾ ਗਿਆ ਹੈ ਬੂਟਾ, ਬਚਿਆ ਕਰੰਗ ਦੇਖ।

ਮੇਰੇ 'ਚ ਮੈਂ ਨਹੀਂ ਹੈ, ਮੇਰਾ ਹੈ ਕੀ ਵਜੂਦ ?
ਤੇਰਾ ਹੀ ਰੂਪ ਹੋਇਐ, 'ਹਿਰਖੀ' ਮਲੰਗ ਦੇਖ।

*

ਨਾ ਦਵਾ ਲਗ ਰਹੀ ਹੈ ਨਾ ਦੁਆ ਲੱਗੇ।
ਬੇਵਫ਼ਾ ਨੂੰ ਵਫ਼ਾ ਦੀ ਨਾ ਹਵਾ ਲੱਗੇ।

ਨੇੜ ਵਧਣਾ ਬੜਾ ਮੁਸ਼ਕਿਲ ਦਿਸੇ ਮੈਨੂੰ,
ਜ਼ਿੰਦਗੀ ਇਉਂ ਬਿਤਾਉਣੀ ਹੁਣ ਸਜ਼ਾ ਲੱਗੇ।

ਕੀ ਪਤਾ ਚਿੜਚਿੜਾ ਕਿਉਂ ਹੋ ਗਿਐ ਮਹਿਰਮ?
ਕੀ ਪਤੈ ਕਦ ਉਨ੍ਹੂੰ ਗਲ ਦਾ ਬੁਰਾ ਲੱਗੇ ?

ਰਿਸ਼ਤਿਆਂ ਵਿਚ ਬਚੀ ਕੀ ਨੇੜਤਾ ਬਾਕੀ ?
ਜੇ ਭਰਾ, ਭੈਣ ਸਮਝੇ, ਤਾਂ ਭਰਾ ਲੱਗੇ।

ਸਚ ਕਹਾਂਗਾ, ਬਿਨਾ ਸਚ ਦੇ ਕਹਾਂ ਕੁਝ ਨਾ,
ਦੂਜਿਆਂ ਨੂੰ ਬੁਰਾ, ਤਾਂ ਫਿਰ ਬੁਰਾ ਲੱਗੇ।

ਜ਼ਖ਼ਮ ਦਿੰਦੈ, ਬਰੂਰੇ ਲੂਣ ਵੀ ਉੱਪਰ,
ਆਖਦੈ ਉਹ, ਕਿ ਮੈਨੂੰ ਵੀ ਪਤਾ ਲੱਗੇ।

ਜੋ ਸਥਾਈ ਨਹੀਂ, ਹੰਕਾਰ ਕੀ ਉਸਦਾ ?
ਆਦਮੀ ਚਾਰ ਦਿਨ ਦਾ ਬੁਲਬੁਲਾ ਲੱਗੇ।

ਹਰ ਬਲਾ ਤੋਂ ਬਚਾਏ ਓਸਨੂੰ ਅੱਲ੍ਹਾ !
ਨਾ ਰਤਾ ਵੀ ਉਨ੍ਹੂੰ ਤੱਤੀ ਹਵਾ ਲੱਗੇ।

ਖ਼ੁਦ ਨਿਭਾਈ ਨਹੀਂ ਜਿਸਨੇ ਕਦੀ 'ਹਿਰਖੀ',
ਬੇਵਫ਼ਾ ਨੂੰ ਖ਼ੁਦਾ ਵੀ ਬੇਵਫ਼ਾ ਲੱਗੇ।

*

ਮਨ ਮੰਦਰ ਦੇ ਵਿਹੜੇ ਅੰਦਰ।
ਕੌਣ ਤਰੰਗਾਂ ਛੇੜੇ ਅੰਦਰ ?

ਹਰ ਸ਼ੈਅ 'ਚੋਂ ਸੁਖ ਮਾਣੇ ਮਨੂਆ ,
ਜਦ ਹੁੰਦਾ ਹੈ ਖੇੜੇ ਅੰਦਰ।

ਮੂਰਖ ਭਾਲਣ ਬਾਹਰ ਉਸਨੂੰ ,
ਜੋ ਲਾਉਂਦਾ ਹੈ ਗੇੜੇ ਅੰਦਰ।

ਨਿੱਘ ਵੀ ਦਿੰਦੈ, ਠੰਡ ਵੀ ਪਾਉਂਦੈ,
ਉਹ ਵਸ ਜਾਂਦੈ ਜਿਹੜੇ ਅੰਦਰ।

ਬਾਹਰ ਜਿਸਦਾ ਝਾਉਲਾ ਪੈਂਦੈ ,
ਉਹ ਖ਼ੁਸ਼ੀਆਂ ਹਨ ਵਿਹੜੇ ਅੰਦਰ।

ਬੁੱਲ੍ਹ ਸੀਅ ਲੀਤੇ ਗੁੱਸੇ ਹੋ ਕੇ ,
ਦਿਲ ਦੇ ਬੂਹੇ ਭੇੜੇ ਅੰਦਰ।

ਬਚਿਐ ਕੌਣ ਇਨ੍ਹਾਂ ਦੇ ਹੱਥੋਂ,
ਪੰਜੇ ਕੂਤ ਚਮੇੜੇ ਅੰਦਰ।

ਭਵਸਾਗਰ ਨੂੰ ਤਰਨਾ ਪੈਂਦੈ ,
ਕਰਮਾਂ – ਸੰਦੜੇ ਬੇੜੇ ਅੰਦਰ।

'ਹਿਰਖੀ' ਤੁਰਿਆ ਏਸ ਜਹਾਨੋਂ,
ਲੈ ਕੇ ਦਰਦ ਸਹੇੜੇ ਅੰਦਰ।

*

ਭਾਵੇਂ ਤੇਰੇ ਬਾਝੋਂ ਹਨ ਇਹ ਲੋਕ ਬਥੇਰੇ ਨਾਲ਼।
ਮੇਰੀ ਦੁਨੀਆ ਤਾਂ ਇਕ ਤੇਰੇ ਨਾਲ਼ ਹੈ , ਤੇਰੇ ਨਾਲ਼।

ਦਿਲ ਕਰਦਾ ਹੈ ਮੈਂ ਵੀ ਬੋਲ ਪੁਗਾਵਾਂ ਤੇਰੇ ਨਾਲ਼।
ਜਿੱਦਾਂ ਅਜ ਤਕ ਬੋਲ ਪੁਗਾਏ ਹਨ ਤੂੰ ਮੇਰੇ ਨਾਲ਼।

ਇੱਕੋ ਹੀ ਫੇਰੇ ਵਿਚ ਝਟਕੇ ਉਸਨੇ ਸਾਰੇ ਰਿੰਦ ,
ਮੁੜਕੇ ਰੌਣਕ ਆਈ ਉਸਦੇ ਇੱਕੋ ਫੇਰੇ ਨਾਲ਼।

ਮਨ ਦੀ ਮੈਲ਼ ਭਲਾ ਕਿੰਝ ਜਾ ਸਕਦੀ ਹੈ ਓਨੀ ਦੇਰ ,
ਸਾਡਾ ਰਿਸ਼ਤਾ ਜੁੜਿਐ ਜਿੰਨੀ ਦੇਰ ਹਨੇਰੇ ਨਾਲ਼।

ਜੀਵਨ ਵਿਚ ਚਾਨਣ ਹੀ ਚਾਨਣ ਹੋਵੇਗਾ ਉਸ ਰੋਜ਼ ,
ਆਪਾਂ ਨੇ ਮਿਲ਼ ਜਾਣਾ ਹੈ ਜਿਸ ਰੋਜ਼ ਸਵੇਰੇ ਨਾਲ਼।

ਦਿਲ ਵੀ ਲੁੱਟਦੈ ਨਾਲ਼ੇ ਅੱਖਾਂ ਵੀ ਦਿਖਲਾਉਂਦੇ ਯਾਰ ,
ਫਿਰ ਵੀ ਕਿੰਨਾ ਪਿਆਰ ਜਿਹਾ ਹੈ ਓਸ ਲੁਟੇਰੇ ਨਾਲ਼।

ਰਸਤਾ ਵੀ ਹੈ ਮੁਸ਼ਕਿਲ , ਮੰਜ਼ਿਲ ਵੀ ਹੈ ਕਿੰਨੀ ਦੂਰ ,
ਫਿਰ ਵੀ ਤੁਰਿਆ ਜਾਨਾਂ ਪਰਬਤ ਜਿੱਡੇ ਜੇਰੇ ਨਾਲ਼।

ਤੇਰੀ ਦੁਨੀਆ ਛੱਡਣ ਵੇਲ਼ੇ , ਭਰ-ਭਰ ਵਗਣੇ ਨੈਣ ,
ਏਨਾ ਮੋਹ ਹੈ ਮੈਨੂੰ ਤੇਰੇ ਚਾਰ-ਚੁਫੇਰੇ ਨਾਲ਼।

ਉੱਚੇ ਕੱਦਾਂ ਨਾਲ਼ ਕਦੋਂ ਉੱਚੇ ਹੁੰਦੇ ਹਨ ਲੋਕ ?
'ਹਿਰਖੀ' ਉੱਚੇ ਉੱਠੀਏ ਹੋਰ, ਖ਼ਿਆਲ ਉਚੇਰੇ ਨਾਲ਼।

*

ਮਿਰੇ ਪਿੱਛੋਂ ਜਦੋਂ ਫੋਲਣਗੇ ਉਹ ਇਤਿਹਾਸ ਦੇ ਪੰਨੇ।
ਉਦੋਂ ਉਹ ਪੜ੍ਹਨਗੇ ਜੋ ਮੈਂ ਲਿਖੇ ਅਹਿਸਾਸ ਦੇ ਪੰਨੇ।

ਨਾ ਮਿਹਨਤ ਨੂੰ ਹੀ ਲਗਦੈ ਫਲ਼, ਨਾ ਮਿਲ਼ਦੈ ਖਾਣ ਪਹਿਨਣ ਨੂੰ,
ਜਿਨ੍ਹਾਂ ਭਾਗੀਂ ਲਿਖਾਏ ਆਪਣੇ, ਉਪਵਾਸ ਦੇ ਪੰਨੇ।

ਇਨ੍ਹਾਂ ਸਾਹਾਂ ਨੂੰ ਦਿੰਦੇ ਨੇ ਮਹੱਤਵ, ਦਿਲ ਨੂੰ ਧੜਕਣ ਵੀ,
ਇਹ ਦਿੰਦੇ ਜੀਣ ਦਾ ਮਕਸਦ, ਹਰਿਕ ਨੂੰ ਆਸ ਦੇ ਪੰਨੇ।

ਮਿਰੇ ਤੁਰ ਜਾਣ ਦੇ ਪਿੱਛੋਂ, ਬੜਾ ਪਛਤਾਉਣਗੇ ਮਿੱਤਰ,
ਜਿਨ੍ਹਾਂ ਐਵੇਂ ਦਬਾ ਰੱਖੇ, ਮਿਰੀ ਹਰ ਆਸ ਦੇ ਪੰਨੇ।

ਉਨ੍ਹੇ ਜਾ ਕੇ ਦਿਲੋਂ ਭਾਵੇਂ ਭੁਲਾਇਆ ਹੋ ਨਹੀਂ ਸਕਦਾ,
ਮਗਰ ਭੇਜੇ ਨਹੀਂ ਲਿਖ ਕੇ, ਕਦੀ ਧਰਵਾਸ ਦੇ ਪੰਨੇ।

ਮੈਂ ਚਾਹੁੰਨਾ ਲਿਖ ਦਿਆਂ ਉਸਨੂੰ, ਕਿਸੇ ਦਿਨ ਪਰੇਮ ਦਾ ਪੱਤਰ,
ਸਿਆਹੀ ਖ਼ੂਨ ਦੀ ਵਰਤਾਂ, ਤੇ ਅਪਣੇ ਮਾਸ ਦੇ ਪੰਨੇ।

ਨਾ ਛਡਣੀ ਜਾਨ ਸੌਖੀ ਹੈ, ਵਿਕਾਰਾਂ ਨੇ ਕਦੀ ਅਪਣੀ,
ਨਾ ਪਰਤੇ ਜਾਣਗੇ ਮੈਥੋਂ, ਕਦੀ ਮੋਹਫ਼ਾਸ ਦੇ ਪੰਨੇ।

ਕੁਈ ਦੇਖੇ ਨਾ ਦੇਖੇ ਪਰ, ਖ਼ੁਦਾ ਤਾਂ ਦੇਖਦੈ ਸਭ ਨੂੰ,
ਉਹੀ ਸਭ ਦੇ ਲਿਖੇਗਾ, ਫੇਲ੍ਹ ਦੇ ਜਾਂ ਪਾਸ ਦੇ ਪੰਨੇ।

ਖ਼ੁਦਾ ਨੇ ਆਖਿਆ ਮੰਗੋ ! ਤਾਂ ਕੁਝ ਨਾ ਔੜਿਆ 'ਹਿਰਖੀ',
ਲਿਆਉਣੋ ਭੁਲ ਗਿਆ ਸਾਂ ਮੈਂ, ਘਰੋਂ ਅਰਦਾਸ ਦੇ ਪੰਨੇ।

*

ਪਾਰੇ ਜਿਹਾ ਹੈ ਮਨ ਤਾਂ , ਮੁਸ਼ਕਿਲ ਅਡੋਲ ਰਹਿਣਾ ।
ਭਾਉਂਦਾ ਫਿਰੇ ਹਮੇਸ਼ਾ , ਔਖਾ ਹੈ ਕੋ਼ਲ ਰਹਿਣਾ ।

ਇਕ ਪਾਸੜੀ ਮੁਹੱਬਤ , ਮੈਂ ਉਮਰ ਭਰ ਨਿਭਾਈ ,
ਉਲ਼ਫ਼ਤ ਬ਼ਗ਼ੈਰ ਦਿਲ ਦਾ , ਖਾਲੀ ਇਹ ਡੋਲ ਰਹਿਣਾ ।

ਸੰਘਰਸ਼ ਕਰਨ ਵੇ਼ਲੇ , ਜਿੱਤਣ ਦੀ ਆਸ ਰੱਖੋ ,
ਇਹ ਜਾਨ ਹੈ ਜਦੋਂ ਤਕ , ਜੀਵਨ ਦਾ ਘੋਲ ਰਹਿਣਾ ।

ਇਨਸਾਫ਼ ਕੀ ਕਰੇਗਾ , ਜੋ ਰਿਸ਼ਵਤੀ ਹੈ ਅਫ਼ਸਰ ?
ਸਾਵੀਂ ਨਾ ਸੋਚ ਉਸਦੀ , ਸਾਵਾਂ ਨਾ ਤੋਲ ਰਹਿਣਾ ।

ਜਿਸ ਵਕ਼ਤ ਕੁਝ ਵੀ ਬੋਲੂ , ਹੋਏਗੀ ਅਕਲ ਪਰਗਟ ,
ਚੁਪ-ਚਾਪ ਜੇ ਰਹੇਗਾ , ਮਹਿਫ਼ੂਜ਼ ਪੋਲ ਰਹਿਣਾ ।

ਉਸ ਵਕ਼ਤ ਮੈਂ ਮਰੇਗੀ , ਜਿਸ ਪਲ ਪਰਾਣ ਨਿਕਲੇ ,
ਮਹਿਮਾਨ ਤੁਰ ਗਿਆ ਤਾਂ, ਖਾਲੀ ਇਹ ਖੋਲ ਰਹਿਣਾ ।

ਹੋਣਾ ਹੈ ਲੀਨ ਉਸ ਵਿਚ , ਮਰਨੇ ਦੇ ਬਾਦ ‘ਹਿਰਖੀ’,
ਜਾਣਾ ਹੈ ਸਭ ਨੇ ਉਸ ਘਰ , ਧਰਤੀ ਨੇ ਗੋ਼ਲ਼ ਰਹਿਣਾ ।

*

ਅਗਰ ਮਨ ਬਣਾਓ , ਸਵੇਰਾ ਤੁਹਾਡੈ ।
ਤੁਸੀਂ ਜੂਝ ਜਾਓ , ਸਵੇਰਾ ਤੁਹਾਡੈ ।

ਜੇ ਇਕ ਸੁਰ 'ਚ ਗਾਓ, ਸਵੇਰਾ ਤੁਹਾਡੈ ।
ਤੁਸੀਂ ਇਕ ਹੋ ਜਾਓ , ਸਵੇਰਾ ਤੁਹਾਡੈ ।

ਭਵਾਂ ਰਾਤ ਕਾਲ਼ੀ , ਤੇ ਲੰਮੀਂ ਹੈ ਲਗਦੀ ,
ਕਿ ਹਿੰਮਤ ਨਾ ਢਾਓ , ਸਵੇਰਾ ਤੁਹਾਡੈ ।

ਬਿਨਾ ਮੰਗਿਆਂ ਕਦ , ਅਜ਼ਾਦੀ ਮਿਲੀ ਹੈ ,
ਕਿ ਪਰਚਮ ਉਠਾਓ , ਸਵੇਰਾ ਤੁਹਾਡੈ ।

ਇਹ ਚੰਨ ਆਪ ਤੁਰਦੈ , ਹਨੇਰੇ ਦੇ ਅੰਦਰ ,
ਕਿ ਸੂਰਜ ਉਗਾਓ , ਸਵੇਰਾ ਤੁਹਾਡੈ ।

ਜ਼ਮਾਨੇ ਤੋਂ ਡਰ ਡਰ ਕੇ ਹੈ ਜੀਣ ਕੇਹਾ ?
ਜ਼ਮਾਨੇ 'ਤੇ ਛਾਓ , ਸਵੇਰਾ ਤੁਹਾਡੈ ।

ਅਗਰ ਜੂਝਣਾ ਹੈ , ਤਾਂ ਸਿਰ ਆਪਣੇ ਹੁਣ ,
ਤਲ਼ੀ 'ਤੇ ਟਿਕਾਓ , ਸਵੇਰਾ ਤੁਹਾਡੈ ।

ਦਬੇ ਰਹਿ ਗਏ ਤਾਂ , ਨਹੀਂ ਉਠ ਸਕੋਗੇ ,
ਕਰਾਂਤੀ ਲਿਆਓ , ਸਵੇਰਾ ਤੁਹਾਡੈ ।

ਅਜ਼ਾਦੀ ਤਾਂ 'ਹਿਰਖੀ', ਬਰੂਹਾਂ 'ਤੇ ਬੈਠੀ ,
ਤੁਸੀਂ ਜਾਗ ਜਾਓ , ਸਵੇਰਾ ਤੁਹਾਡੈ ।

*

ਮਾਹੌਲ ਬੇਮਜ਼ਾ ਹੈ, ਤੇਰੇ ਬ਼ਗ਼ੈਰ ਅਜਕਲ।
ਜੀਵਨ ਖ਼ਲਾਅ ਜਿਹਾ ਹੈ, ਤੇਰੇ ਬ਼ਗ਼ੈਰ ਅਜਕਲ।

ਕਿੱਦਾਂ ਕਹਾਂ ਖਰਾ ਹੈ, ਤੇਰੇ ਬ਼ਗ਼ੈਰ ਅਜਕਲ।
ਜੀਵਨ ਫ਼ਕਤ ਸਜ਼ਾ ਹੈ, ਤੇਰੇ ਬ਼ਗ਼ੈਰ ਅਜਕਲ।

ਹਰ ਸ਼ਖ਼ਸ ਓਪਰਾ ਹੈ, ਤੇਰੇ ਬ਼ਗ਼ੈਰ ਅਜਕਲ।
ਸੰਸਾਰ ਬੇਵਫ਼ਾ ਹੈ, ਤੇਰੇ ਬ਼ਗ਼ੈਰ ਅਜਕਲ।

ਸਾਵਣ ਵੀ ਲਗ ਰਿਹਾ ਹੈ, ਪਤਝੜ ਸਮਾਨ ਮੈਨੂੰ,
ਜੀਣੇ ਦਾ ਕੀ ਮਜ਼ਾ ਹੈ ? ਤੇਰੇ ਬ਼ਗ਼ੈਰ ਅਜਕਲ।

ਸ਼ਿੰਗਾਰ ਮੈਂ ਕਰਾਂ ਤਾਂ, ਕਿੱਦਾਂ ਕਰਾਂ ਤੂੰ ਦੱਸਦੇ,
ਬੇਕਾਰ ਹਰ ਅਦਾ ਹੈ, ਤੇਰੇ ਬ਼ਗ਼ੈਰ ਅਜਕਲ।

ਸੁਖ ਤਾਂ ਅਨੇਕ ਹਨ ਪਰ, ਬੇਕਾਰ ਹਨ ਤਿਰੇ ਬਿਨ,
ਕਿਸ ਕੰਮ ਇਹ ਸਿਲਸਿਲਾ ਹੈ ? ਤੇਰੇ ਬ਼ਗ਼ੈਰ ਅਜਕਲ।

ਕਿੱਦਾਂ ਸਹੇ ਜੁਦਾਈ, ਦਿਨ ਰਾਤ ਦੀ ਮਿਰਾ ਦਿਲ ?
ਦਿਲ ਛਟਪਟਾ ਰਿਹਾ ਹੈ, ਤੇਰੇ ਬ਼ਗ਼ੈਰ ਅਜਕਲ ।

ਤੂੰ ਹੀ ਦਵਾ ਹੈਂ ਸਜਣਾ, ਮੇਰੇ ਬਿਮਾਰ ਦਿਲ ਦੀ,
ਇਹ ਰੋਗ ਲਾ-ਦਵਾ ਹੈ, ਤੇਰੇ ਬ਼ਗ਼ੈਰ ਅਜਕਲ ।

ਮੈਨੂੰ ਹੈ ਓਟ ਤੇਰੀ, ਮੇਰੇ ਸਨਮ ਸਮਝ ਲੈ,
'ਹਿਰਖੀ' ਨਿਆਸਰਾ ਹੈ, ਤੇਰੇ ਬ਼ਗ਼ੈਰ ਅਜਕਲ।

*

ਫੁੱਲ ਖਿੜੇ ਨੇ ਟਾਵੇਂ-ਟਾਵੇਂ, ਬਹੁਤੇ ਉੱਗੇ ਕੰਡੇ ਨਾਲ਼।
ਸੁਖ ਵੀ ਦਿੱਤੇ ਰਬ ਨੇ ਲੇਕਿਨ, ਦੁਖ ਵੀ ਕਿੰਨੇ ਵੰਡੇ ਨਾਲ਼।

ਮੇਰੀ ਕਿਸਮਤ ਇੰਝ ਲਿਖੀ ਹੈ, ਵਿਹਲੇ ਵਕ਼ਤ ਮਿਰੇ ਭਗਵਾਨ,
ਮੇਰੇ ਨਾਲ਼ ਹੈ ਜੁੜਿਆ ਘਾਟਾ, ਜਿਵੇਂ ਸ਼ਨਿੱਚਰ, ਸੰਡੇ ਨਾਲ਼।

ਚਿੜੀਆਂ ਤੋਂ ਸਨ ਬਾਜ ਤੁੜਾਏ, ਕੀਤੇ ਕੌਤਕ ਗੁਰ-ਗੋਬਿੰਦ,
ਮਰ ਮਿਟਣੇ ਦੀ ਤਾਕਤ ਬਖ਼ਸ਼ੀ, ਪਹੁਲ ਬਣਾਈ ਖੰਡੇ ਨਾਲ਼।

ਲੋਕਾਂ ਨੇ ਹੀ ਚੁਣਿਐਂ ਉਸ ਨੂੰ, ਲੋਕਾਂ 'ਤੇ ਉਹ ਕਰਦੈ ਰਾਜ,
ਮਨ-ਮਰਜ਼ੀ ਦਾ ਮਾਲਕ ਬਣਿਐ, ਕੰਮ ਚਲਾਉਂਦੈ ਡੰਡੇ ਨਾਲ਼।

ਆਜ਼ਾਦੀ ਖ਼ਾਤਰ ਦੇਸ਼ ਤੋਂ ਉਹ, ਹਸ-ਹਸ ਦਿੰਦੇ ਜਾਨਾਂ ਵਾਰ,
ਭੁੱਖ, ਗਰੀਬੀ ਵੀ ਮੋਹ ਰੱਖੇ, ਅਪਣੇ ਦੇਸ਼ ਦੇ ਝੰਡੇ ਨਾਲ਼।

ਉਪਰੋਂ ਦਿਸਦੇ ਬਗਲੇ ਵਰਗੇ, ਲੀਡਰ, ਮੁੱਲਾਂ, ਭਾਈ, ਸੰਤ,
ਲੋਕਾਂ ਦੇ ਸੇਵਕ ਅਖਵਾਉਂਦੇ, ਰੱਖਣ ਪਰ ਮੁਸ਼ਟੰਡੇ ਨਾਲ਼।

ਜਿਹੜੀ ਸ਼ੈਅ ਨੇ ਥਿਰ ਨਈਂ ਰਹਿਣਾ, ਉਸਦਾ ਕਰਦੈਂ ਕਿਉਂ ਘੁਮੰਡ?
'ਹਿਰਖੀ' ਦੱਸ ਨਿਭਾਵਾਂ ਕਿੱਦਾਂ, ਹੱਦੋਂ ਵੱਧ ਘੁਮੰਡੇ ਨਾਲ਼?

*

ਸੁਰਮਈ , ਸ਼ਾਮ ਹੈ।
ਮਨਚਲੀ , ਸ਼ਾਮ ਹੈ।

ਜ਼ਿੰਦਗੀ ਦੀ ਸਮਝ ,
ਹੁਣ ਪਈ , ਸ਼ਾਮ ਹੈ।

ਢਲ਼ ਗਈ ਉਮਰ ਹੁਣ ,
ਸਾਦਗੀ , ਸ਼ਾਮ ਹੈ।

ਗੀਤ , ਸੰਗੀਤ ਬਿਨ ,
ਚੁਪ ਜਿਹੀ , ਸ਼ਾਮ ਹੈ।

ਤੁਧ ਬਿਨਾ , ਫੇਰ ਕਦ ,
ਟਹਿਕਦੀ ਸ਼ਾਮ ਹੈ ?

ਗਰਮਜੋਸ਼ੀ ਬਿਨਾ ,
ਯਖ਼ ਠਰੀ , ਸ਼ਾਮ ਹੈ।

ਰੁਕ ਗਿਆ ਦਿਨ ਜਦੋਂ ,
ਤੁਰ ਪਈ , ਸ਼ਾਮ ਹੈ।

ਯਾਦ ਆਇਐ ਖ਼ੁਦਾ ,
ਇਹ ਭਲੀ ਸ਼ਾਮ ਹੈ।

ਜਦ ਮਿਲੇਂ ‘ਹਿਰਖੀਆ’ !
ਮਹਿਕਦੀ ਸ਼ਾਮ ਹੈ।

*

ਬੜੀ ਦੂਰ ਉਲ਼ਫ਼ਤ ’ਚ ਜਾ ਹੋ ਗਿਆ ਹੈ।
ਮੁਹੱਬਤ ਦਾ ਮੈਨੂੰ ਸ਼ੁਦਾਅ ਹੋ ਗਿਆ ਹੈ।

ਤੁਹਾਨੂੰ ਜੋ ਹਸਕੇ ਬੁਲਾ ਹੋ ਗਿਆ ਹੈ।
ਮਿਰੀ ਜਾਨ! ਕੀ ਇਹ ਬੁਰਾ ਹੋ ਗਿਆ ਹੈ ?

ਤਿਰਾ ਗ਼ਮ ਮਿਰੇ ਦਿਲ ’ਚ ਘਰ ਕਰ ਗਿਆ ਏ ,
ਮਿਰੇ ਦਿਲ ਨੂੰ ਕੁਝ ਆਸਰਾ ਹੋ ਗਿਆ ਹੈ।

ਤੁਹਾਨੂੰ ਸੁਣਾਵਾਂ ਕਿਵੇਂ ਹਾਲ ਦਿਲ ਦਾ ?
ਮਿਰੇ ਨਾਲ਼ ਇਕ ਹਾਦਸਾ ਹੋ ਗਿਆ ਹੈ।

ਉਹ ਮੈਥੋਂ ਵਿਛੜ ਕੇ ਗਏ ਨੇ ਜਦੋਂ ਤੋਂ,
ਇਹ ਜੀਵਨ ਮਿਰਾ ਬੇਮਜ਼ਾ ਹੋ ਗਿਆ ਹੈ।

ਮਿਰੇ ਰੋਗ ਦੀ ਉਹ ਦਵਾਈ ਕਰੇ ਕੀ ?
ਮਿਰਾ ਰੋਗ ਹੁਣ ਲਾ-ਦਵਾ ਹੋ ਗਿਆ ਹੈ।

ਉਹਦੀ ਪਿਆਰ ਤਕਣੀ ਦਾ ਦੇਖੋ ਕਰਿਸ਼ਮਾ ,
ਮੁਹੱਬਤ ਦਾ ਬੂਟਾ ਹਰਾ ਹੋ ਗਿਆ ਹੈ।

ਬੁਰਾ ਵੀ ਕਰੇਂ ਤਾਂ ਬੁਰਾ ਨਾ ਮਨਾਵਾਂ ,
ਮਿਰਾ ਇਸ ਤਰਾਂ ਦਾ ਸੁਭਾ ਹੋ ਗਿਆ ਹੈ।

ਜਿਨੂੰ ਪੂਜਿਆ ਮੈਂ ਖੁਦਾ ਵਾਂਗ ‘ਹਿਰਖੀ’,
ਮਿਰੇ ਵਾਸਤੇ ਉਹ ਖ਼ੁਦਾ ਹੋ ਗਿਆ ਹੈ।

*

ਗਿਰ ਗਿਆ ਹੈ ਮਿਯਾਰ ਹੇਠਾਂ।
ਤਾਹੀਂ ਰੁਲ਼ਦਾ ਹੈ ਪਿਆਰ ਹੇਠਾਂ।

ਕਟ ਗਈ ਹੈ ਪਤੰਗ ਉਸਦੀ,
ਡਿਗ ਪਿਐ ਸਿਰ ਦੇ ਭਾਰ ਹੇਠਾਂ।

ਇਸ ਤਰ੍ਹਾਂ ਦਾ ਸੁਭਾ ਉਨ੍ਹਾਂ ਦਾ,
ਬੂਰ ਉੱਤੇ, ਹੈ ਗਾਰ ਹੇਠਾਂ।

ਮੈਂ ਦਿਸਾਂਗਾ ਜ਼ਰੂਰ ਤੈਨੂੰ,
ਤੂੰ ਕਦੀ ਤਾਂ ਨਿਹਾਰ ਹੇਠਾਂ।

ਇਸ਼ਕ ਦਾ ਤਾਪ ਲਹਿਣ ਉੱਤੇ,
ਦਬ ਗਿਐ ਗ਼ੁਬਾਰ ਹੇਠਾਂ।

ਦੁਖ ਮਿਲੇ ਪੈਰ-ਪੈਰ ਉੱਤੇ,
ਸੁਖ ਵੀ ਮਾਣੇ ਅਪਾਰ ਹੇਠਾਂ।

ਓਸਦਾ ਘਰ ਹੈ ਦੂਰ, ਉੱਤੇ,
ਕੌਣ ਸੁਣਦੈ ਪੁਕਾਰ ਹੇਠਾਂ?

ਤੁਰ ਪਵਾਂਗਾ ਬੁਲਾਉਣ ਉੱਤੇ,
ਮੈਂ ਹਾਂ ਬੈਠਾ ਤਿਆਰ ਹੇਠਾਂ।

ਨਾਪ ਚੱਦਰ ਦਾ ਦੇਖ 'ਹਿਰਖੀ',
ਪੈਰ ਓਨੇ ਪਸਾਰ ਹੇਠਾਂ।

*

ਤਲਵਾਰ ਤੋਂ ਵੀ ਵਧਕੇ , ਹੈ ਤੇਜ਼ਧਾਰ ਗੁੱਸਾ ।
ਕਰਦਾ ਹੈ ਵਾਰ ਦਿਲ 'ਤੇ , ਬਣਕੇ ਕਟਾਰ ਗੁੱਸਾ ।

ਚੰਗਾ ਨਹੀਂ ਹੈ ਕਰਨਾ , ਇੰਜ ਬੇਸ਼ੁਮਾਰ ਗੁੱਸਾ ।
ਦਿਲ 'ਤੇ ਅਸਰ ਹੈ ਕਰਦਾ , ਬੇਇਖ਼ਤਿਆਰ ਗੁੱਸਾ ।

ਇਹ ਦਿਲ ਜਦੋਂ ਵੀ ਟੁੱਟਣ , ਸ਼ੀਸ਼ੇ ਦੇ ਵਾਂਗ ਟੁੱਟਣ ,
ਉਲਫ਼ਤ ਹੈ ਨੇੜ ਕਰਦੀ , ਪਾਉਂਦੈ ਦਰਾਰ ਗੁੱਸਾ ।

ਇੰਜ ਰੋਜ਼-ਰੋਜ਼ ਕਰਿਆਂ , ਤੇਰਾ ਹੀ ਅਕਸ ਬਿਗੜੂ ,
ਚੰਗਾ ਨਹੀਂ ਹੈ ਲਗਦਾ , ਨਾਖ਼ੁਸ਼ਗ਼ਵਾਰ ਗੁੱਸਾ ।

ਬੇਕਾਰ ਜਾਵੇ ਕੋਸ਼ਿਸ਼ , ਇਸਨੂੰ ਲੁਕਾਉਣ ਵਾਲ਼ੀ ,
ਚਿਹਰੇ ਤੋਂ ਸਾਫ਼ ਦਿਸਦੈ , ਦਿਲ ਦਾ ਗ਼ੁਬਾਰ ਗੁੱਸਾ ।

ਗਿਣਨੇ ਨੇ, ਗਿਣ ਲਵੀਂ ਤੂੰ , ਮੇਰੇ ਕਸੂਰ ਵੀ , ਪਰ
ਚੰਗਾ ਹੈ ਇਸਤੋਂ ਪਹਿਲਾਂ , ਅਪਣਾ ਵਿਚਾਰ ਗੁੱਸਾ ।

ਦੋਹਾਂ ਧਿਰਾਂ 'ਚ 'ਹਿਰਖੀ', ਉਸਰੀ ਹੈ ਕੰਧ, ਕਿਉਂਕਿ
ਇਸ ਆਰ ਪਿਆਰ ਵਸਦੈ , ਤੇ ਓਸ ਪਾਰ ਗੁੱਸਾ ।

*

ਮਾਪੇ ਬੈਠੇ ਝੂਰਦੇ, ਵਾਹ ! ਸਾਡੀ ਤਕ਼ਦੀਰ।
ਮੁੰਡੇ ਤੁਰੇ ਵਲੈਤ ਨੂੰ, ਲਾ ਬਿਰਹੋਂ ਦੇ ਤੀਰ।

ਪੰਜੇ ਰਲ਼ ਕੇ ਖਾ ਗਏ, ਜਿਉਂ ਘੁਣ ਖਾਇ ਸ਼ਤੀਰ।
ਜੀਵਨ ਹੋਇਐ ਜਰਜਰਾ, ਕੌਣ ਬੰਧਾਊ ਧੀਰ ?

ਅਜਕਲ ਮੌਜਾਂ ਮਾਣਦੇ, ਲਾਹ ਕੇ ਸਾਰੀ ਸੰਗ,
ਦੇਖ ਤਮਾਸ਼ਾ ਜਗਤ ਦਾ, ਹੋ ਨਾ ਇਉਂ ਦਿਲਗੀਰ।

ਆਪ ਉਹ ਫ਼ਾਂਸੀ ਚੜ੍ਹ ਗਏ, ਦਿੱਤੀਆ ਜਾਨਾਂ ਵਾਰ,
ਦੇਸ਼ ਗ਼ੁਲਾਮੀਂ ਨਾ ਸਹੇ, ਤੋੜੀ ਇਹ ਜ਼ੰਜੀਰ।

ਹੁਣ ਉਹ ਵੇਲ਼ੇ ਨਾ ਰਹੇ, ਹੈ ਕਲਯੁਗ ਦਾ ਦੌਰ,
ਨਾ ਹੁਣ ਸੱਚਾ ਇਸ਼ਕ ਹੈ, ਨਾ ਰਾਂਝਾ ਨਾ ਹੀਰ।

ਹਿੰਮਤ ਕਰਕੇ ਤੁਰਨ ਜੋ, ਮੰਜ਼ਿਲ ਪਉਣ ਜ਼ਰੂਰ,
ਜੇਕਰ ਛੱਡੋ ਆਸ ਨਾ, ਬਣ ਜਾਵੇ ਤਦਬੀਰ।

ਦੁਨੀਆ ਤਾਂ ਖ਼ੁਦਗਰਜ਼ ਹੈ, ਕਰਦੀ ਮਿੱਤਰਮਾਰ,
ਦੇਖੋ - ਦੇਖੀ ਆਪਣੀ, ਬਦਲੀਂ ਨਾ ਤਾਸੀਰ।

ਉਸਦੇ ਦਰ ਹੈ ਜੋਦੜੀ, ਮੰਗਣ ਜਾਣੈ ਖ਼ੈਰ,
ਉੱਚਾ ਦਰ ਹੈ ਓਸਦਾ, ਕਿੰਝ ਮਨਾਊਂ ਪੀਰ ?

ਮਾਇਆ ਹੈ ਬਹੁ ਭਾਂਤ ਦੀ, ਕੌਣ ਰਿਹੈ ਨਿਰਲੇਪ ?
ਮਾਇਆ ਪਿੱਛੇ ਲਗ ਤੁਰੇ, 'ਹਿਰਖੀ' ਸੰਤ ਫ਼ਕੀਰ।

*

ਆਪਾਂ ਨੇ ਹੈ 'ਕੱਠੇ ਤੁਰਨਾ , ਭਾਵੇਂ ਕਰਨ ਇਸ਼ਾਰੇ ਲੋਕ ।
ਪੁੱਠੇ - ਸਿੱਧੇ ਫਿਕਰੇ ਕੱਸਣ , ਚਾਹੇ ਅਪਣੇ ਬਾਰੇ ਲੋਕ ।

ਜਦ ਸੁਣਵਾਈ ਨਾ ਹੋਵੇ , ਜਦ ਨਾ ਹੋਵੇ ਇਨਸਾਫ਼ ਦੀ ਆਸ ,
ਚੁੱਪ-ਚੁਪੀਤੇ ਸਹਿ ਜਾਂਦੇ ਨੇ , ਸਾਰੇ ਦੁਖ ਦੁਖਿਆਰੇ ਲੋਕ ।

ਅੰਦਰ ਵੜਕੇ ਵਕਤ ਗੁਜ਼ਾਰੋ , ਸੜਕਾਂ 'ਤੇ ਹੈ ਫਿਰਦੀ ਮੌਤ ,
ਨਗਰੀ-ਨਗਰੀ ਸਹਿਮ ਜਿਹਾ ਹੈ , ਡਰੇ-ਡਰੇ ਹਨ ਸਾਰੇ ਲੋਕ ।

ਨੇਤਾ ਜੀ ਦਾ ਭਾਸ਼ਣ ਸੁਣ ਕੇ , ਕਰ ਲੈਂਦੇ ਨੇ ਮੁੜ ਵਿਸ਼ਵਾਸ਼ ,
ਸਿੱਧੇ-ਸਾਦੇ ਹਨ ਇਹ ਤਾਹੀਂ , ਸੁਣ ਲੈਂਦੇ ਨੇ ਲਾਰੇ ਲੋਕ ।

ਲੋਕਾਂ ਵਿਚ ਨੇ ਵੰਡੀਆਂ ਪਾਉਂਦੇ , ਨਫ਼ਰਤ ਦਾ ਫੈਲਾਉਂਦੇ ਜ਼ਹਿਰ ,
ਨੇਤਾ , ਭਾਈ , ਕਾਜ਼ੀ , ਪੰਡਿਤ , ਇਹ ਚਾਰੇ ਦੇ ਚਾਰੇ ਲੋਕ ।

ਹੁਣ ਤਾਂ ਸਾਰੇ ਦੇਸ਼ 'ਚ ਹੋਏ ਹਨ , ਪੰਜਾਬ ਜਿਹੇ ਹਾਲਾਤ ,
ਮੌਤ ਉਨ੍ਹਾਂ ਦੇ ਅੱਗੇ-ਪਿੱਛੇ , ਕਿੱਥੇ ਜਾਣ ਵਿਚਾਰੇ ਲੋਕ ?

ਮੈਂ ਕੀ ਜਾਣਾਂ ਕਿਸਨੇ 'ਹਿਰਖੀ', ਬੀਜੇ ਹਨ ਨਫ਼ਰਤ ਦੇ ਬੀਜ ?
ਪਰ ਮੈਂ ਇੱਥੇ ਵਸਦੇ ਦੇਖੇ , ਉਲਫ਼ਤ ਦੇ ਵਣਜਾਰੇ ਲੋਕ ।

*

ਕਾਲ਼ੀ ਪੱਗ ਤੇ ਚੰਚਲ ਦਿਲ।
ਉੜਣਾ ਲੋਚੇ ਹਰ ਪਲ ਦਿਲ।

ਭਰੀਆਂ ਅੱਖਾਂ, ਸੇਜਲ ਦਿਲ।
ਕਦ ਹੋਏਗਾ ਸਮਤਲ ਦਿਲ ?

ਮੇਰੇ ਤਾਂ ਫ਼ੈਸਲਿਆਂ ਵਿਚ,
ਹੁੰਦਾ ਹੈ ਜੀ ਸ਼ਾਮਲ ਦਿਲ।

ਉਸਦੇ ਪਿੱਛੇ ਲੱਗ ਤੁਰਿਆ,
ਅੱਖਾਂ ਮੁੰਦੀ ਗਾਫ਼ਲ ਦਿਲ।

ਉਮਰਾਂ ਦੇ ਪਛਤਾਵੇ ਬਿਨ,
ਕੀ ਕਰ ਸਕਿਆ ਹਾਸਲ ਦਿਲ ?

ਜੀਅ ਕਰਦਾ ਹੈ ਭੇਜ ਦਿਆਂ,
ਖ਼ਤ ਵਿਚ ਕਰਕੇ ਸ਼ਾਮਲ ਦਿਲ।

ਕਰਨ ਕਸੂਰ ਇਹ ਨੈਣ, ਮਗਰ
ਝੱਲੇ ਸਾਰੀ ਹਲਚਲ ਦਿਲ।

ਡੁੱਬਣ ਤੋਂ ਡਰਦਾ ਹੈ, ਪਰ
ਤਰਨਾ ਲੋਚੇ ਭਵਜਲ ਦਿਲ।

'ਹਿਰਖੀ' ਹੈ ਅਖ਼ਰੋਟ ਜਿਹਾ,
ਉੱਤੋਂ 'ਟਫ਼' ਤੇ ਮਲਮਲ ਦਿਲ।

*

ਅਜਕਲ ਪਿਐ ਜਤਾਉਂਦਾ , ਉਹ ਪਿਆਰ ਮੱਲੋ – ਮੱਲੀ ।
ਬਣਦਾ ਪਿਆ ਹੈ ਮੇਰਾ , ਦਿਲਦਾਰ ਮੱਲੋ – ਮੱਲੀ ।

ਦੁਨੀਆ 'ਚ ਦੌਲਤਾਂ ਨੇ , ਕੀਤੇ ਖ਼ਰਾਬ ਹਿਰਦੇ ,
ਵਸਦਾ ਹੈ ਦਿਲ 'ਚ ਆ ਕੇ , ਹੰਕਾਰ ਮੱਲੋ – ਮੱਲੀ ।

ਜਾਂ ਖੋਟ ਦੇ ਬਹਾਨੇ , ਜਾਂ ਟੰਕਿਆਂ ਦੇ ਕਰਕੇ ,
ਲਾਹੁੰਦਾ ਹੈ ਛਿੱਲ ਸਭ ਦੀ , ਸੁਨਿਆਰ ਮੱਲੋ – ਮੱਲੀ ।

ਦੁਨੀਆ ਦੇ ਜਲਵਿਆਂ ਨੇ , ਭਰਮਾ ਲਿਆ ਹੈ ਇਸਨੂੰ ,
ਜਾਂਦਾ ਹੈ ਉਲਝਿਆ ਮਨ , ਬੇਕਾਰ ਮੱਲੋ – ਮੱਲੀ ।

ਲੋਕਾਂ ਦੇ ਨਾਲ਼ ਫ਼ਸਦੈ , ਮੰਦੇ ਵੀ ਬੋਲ ਬੋਲੇ ,
ਕਰਦਾ ਹੈ ਬੇਵਜ੍ਹਾ ਉਹ , ਤਕਰਾਰ ਮੱਲੋ – ਮੱਲੀ ।

ਪੀਣੀ ਨਹੀਂ ਮੈਂ ਚਾਹੁੰਦਾ , ਤੋੜਾਂ ਮੈਂ ਦਿਲ ਵੀ ਕਿੱਦਾਂ ?
ਮੈਨੂੰ ਪਿਲਾ ਰਹੇ ਨੇ , ਦਿਲਦਾਰ ਮੱਲੋ – ਮੱਲੀ ।

ਵਲ਼-ਵਲ਼ ਕੇ ਰਿਸ਼ਤਿਆਂ ਦੀ , ਵਲਗਣ ਚੁਫੇਰ ਸਾਡੇ ,
ਲੈਂਦਾ ਹੈ ਜਕੜ ਸਭ ਨੂੰ , ਸੰਸਾਰ ਮੱਲੋ – ਮੱਲੀ ।

ਨਿਰਲੇਪ ਰਹਿਣਾ ਚਾਹਾਂ , ਮੈਂ ਸਭ ਝਮੇਲਿਆਂ ਤੋਂ ,
ਫੁੱਲਾਂ ਦੇ ਨਾਲ਼ ਨਿਕਲਣ , ਇਹ ਖ਼ਾਰ ਮੱਲੋ – ਮੱਲੀ ।

ਸੰਸਾਰ ਤੋਂ ਹਟਾ ਕੇ , ਓਧਰ ਮੈਂ ਜੋੜਦਾਂ , ਪਰ
'ਹਿਰਖੀ' ਨੂੰ ਖਿੱਚ ਪਾਉਂਦੈ , ਸੰਸਾਰ ਮੱਲੋ – ਮੱਲੀ ।

*

ਰਹਿਬਰਾਂ ਤੋਂ ਭਾਲ਼ਦਾ ਹਾਂ ਰਹਿਬਰੀ।
ਰਹਿਬਰਾਂ ਨੇ ਖ਼ੂਬ ਕੀਤੀ ਰਹਿਜ਼ਨੀ।

ਦੂਰ ਮੈਥੋਂ ਰਹਿ ਰਹੇ ਹੋ ਜਿਸ ਤਰ੍ਹਾਂ,
ਹੋਰ ਵੀ ਇੰਝ ਵਧ ਰਹੀ ਹੈ ਤਿਸ਼ਨਗੀ।

ਪਿਆਰ ਬਾਝੋਂ ਜੀਣ ਵੀ ਦੁਸ਼ਵਾਰ ਹੈ,
ਪਿਆਰ ਬਾਝੋਂ ਜ਼ਿੰਦਗੀ ਹੈ ਖ਼ੋਖਲੀ।

ਦੁਸ਼ਮਣਾਂ ਦੀ ਘਾਟ ਨਈਂ ਮਹਿਸੂਸਦਾਂ,
ਦੋਸਤਾਂ ਨੇ ਖ਼ੂਬ ਕੀਤੀ ਦੁਸ਼ਮਣੀ।

ਦੋਸਤੀ ਦੀ ਸ਼ਰਤ ਹੁੰਦੀ ਹੈ ਵਫ਼ਾ,
ਬੇਵਫ਼ਾ ਨੇ ਕਦ ਨਿਭਾਈ ਦੋਸਤੀ ?

ਚੈਨ ਮੇਰਾ ਖੋਹ ਲਿਆ ਹੈ ਤੂੰ ਸਨਮ !
ਤੇਰੇ ਬਿਨ ਮੈਂ ਹੋ ਗਈ ਹਾਂ ਬਾਵਰੀ।

ਉਮਰ ਦੇ ਪੈਂਡੇ 'ਚ 'ਹਿਰਖੀ' ਲੁਟ ਗਿਐ,
ਦਿਨ ਦਿਹਾੜੇ ਹੋ ਗਈ ਹੈ ਰਹਿਜ਼ਨੀ।

*

ਗੱਲਾਂ ਕਰਦੈ ਚੜ੍ਹਕੇ, ਦੱਸੋ ਕੀ ਕਰੀਏ ?
ਦਿਲ ਰਹਿ ਜਾਂਦੈ ਝੜਕੇ, ਦੱਸੋ ਕੀ ਕਰੀਏ ?

ਰੇਗਿਸਤਾਨ ਦੇ ਬੱਦਲ਼ ਵਰਗਾ ਹੈ ਉਹ ਵੀ,
ਬਿਨ ਵਰ੍ਹਿਆਂ ਹੀ ਗੜ੍ਹਕੇ, ਦੱਸੋ ਕੀ ਕਰੀਏ ?

ਚੋਰ, ਸਿਆਸਤ, ਸਾਧ ਤੇ ਪੁਲਸ ਹੈ ਇਕਮਿਕ ਹੁਣ,
ਰਹੀਏ ਅੰਦਰ ਵੜਕੇ, ਦੱਸੋ ਕੀ ਕਰੀਏ ?

ਕਮਲ਼ਾ ਹੈ ਉਹ, ਲੜਦੈ ਤਾਂ ਲੜ ਲੈਣ ਦਿਉ,
ਕਮਲ਼ੇ ਦੇ ਸੰਗ ਲੜਕੇ, ਦੱਸੋ ਕੀ ਕਰੀਏ ?

ਲਾਈ-ਲਗ ਹੈ ਦੁਨੀਆ, ਉਸਨੂੰ ਪੂਜ ਰਹੀ,
ਮਿੱਟੀ ਦਾ ਬੁੱਤ ਘੜਕੇ, ਦੱਸੋ ਕੀ ਕਰੀਏ ?

ਉਸਨੂੰ ਦੇਖ ਲਵਾਂ ਤਾਂ, ਕੁਝ ਵੀ ਸੁੱਝੇ ਨਾ,
ਧਕ-ਧਕ ਸੀਨਾ ਧੜਕੇ, ਦੱਸੋ ਕੀ ਕਰੀਏ ?

ਕੋਰਾ ਕਾਗਜ਼ ਨਿਕਲ਼ੇ, ਅਗਰ ਲਿਫ਼ਾਫ਼ੇ 'ਚੋਂ,
ਏਦਾਂ ਦਾ ਖ਼ਤ ਪੜ੍ਹਕੇ, ਦੱਸੋ ਕੀ ਕਰੀਏ ?

ਮੈਂ ਤੇ ਮੇਰਾ ਦਿਲ, ਢੂੰਡਣ ਨਿਕਲ਼ੇ ਉਸਨੂੰ,
ਫਿਰੀਏ ਸੜਕੋ - ਸੜਕੇ, ਦੱਸੋ ਕੀ ਕਰੀਏ ?

ਨੈਣਾਂ ਵਿੱਚ ਉਨੀਂਦਾ, ਦਿਲ ਵਿਚ ਹਿਜਰ ਉਦ੍ਹਾ,
'ਹਿਰਖੀ' ਜਦ ਵੀ ਰੜਕੇ, ਦੱਸੋ ਕੀ ਕਰੀਏ ?

*

ਉਸਨੂੰ ਮਿਲ਼ ਕੇ ਅੱਜ ਬਈ।
ਕਰ ਲੀਤਾ ਹੈ ਹੱਜ ਬਈ।

ਅੱਗੇ - ਪਿੱਛੇ ਫਿਰਦਾ ਹੈ,
ਲਾ-ਲਾ ਕੇ ਉਹ ਪੱਜ ਬਈ।

ਅੱਖਾਂ ਦੀ ਨਈਂ ਸ਼ਰਮ ਉਨ੍ਹੂੰ,
ਕਿੰਨਾ ਹੈ ਨਿਰਲੱਜ ਬਈ।

ਏਦਾਂ ਖੁੱਲ੍ਹ ਕੇ ਬਰਸ ਕਦੇ,
ਓਦਾਂ ਹੀ ਨਾ ਗੱਜ ਬਈ।

ਉਸਦੀ ਰਹਿਮਤ ਪਾਉਣੇ ਦਾ,
ਕੌਣ ਸਿਖਾਵੇ ਚੱਜ ਬਈ ?

ਅਪਣੇ ਔਗੁਣ ਢਕ ਪਹਿਲਾਂ,
ਫੇਰ ਬਣੀ ਤੂੰ ਜੱਜ ਬਈ।

ਦੁਨੀਆ ਰੂਪੀ ਮਾਇਆ ਦਾ,
ਕਿਸਨੂੰ ਆਇਆ ਰੱਜ ਬਈ ?

ਖੂਹ 'ਚੋਂ ਪਾਣੀ ਕੀ ਮਿਲਣੈ ?
ਸੁੱਕੀ ਨਿਕਲੀ ਲੱਜ ਬਈ।

'ਹਿਰਖੀ' ਪੈਸੇ ਵਾਲ਼ੇ ਦੇ,
ਢਕ ਹੋ ਜਾਂਦੇ ਕੱਜ ਬਈ।

*

ਜਿਸਦੇ ਲਈ ਚਿਰਾਂ ਤੋਂ, ਹਾਂ ਬੇਸ਼ੁਮਾਰ ਜਾਗੇ।
ਜੇ ਰਬ ਕਰੇ ਤਾਂ ਦਿਲ ਵਿਚ, ਉਸਦੇ ਵੀ ਪਿਆਰ ਜਾਗੇ।

ਮੁੜ-ਮੁੜ ਕੇ ਦਿਲ 'ਚ ਉਲਫ਼ਤ, ਮੁੜ-ਮੁੜ ਕੇ ਪਿਆਰ ਜਾਗੇ।
ਜਿੰਨਾ ਬਚਾਂ ਮੈਂ ਇਸ ਤੋਂ, ਓਨਾ ਗ਼ੁਬਾਰ ਜਾਗੇ।

ਜੀਵਨ 'ਚ ਔਕੜਾਂ ਨੇ, ਭਾਵੇਂ ਸੁਚੇਤ ਕੀਤਾ,
ਖਾਧੀ ਜਦੋਂ ਅਸਾਂ ਨੇ, ਉਲਫ਼ਤ 'ਚ ਹਾਰ, ਜਾਗੇ।

ਜਿਸਦੇ ਨਸੀਬ ਸੁੱਤੇ, ਉਹ ਕੀ ਕਰੂ ਵਿਚਾਰਾ ?
ਪੁੰਨੂੰ ਗਵਾ ਲਿਆ ਜਦ, ਨੀਂਦਰ ਉਤਾਰ ਜਾਗੇ।

ਕੀਤਾ ਪੜਾਅ ਉਨ੍ਹਾਂ ਨੇ, ਅਗਲੇ ਸਫ਼ਰ ਲਈ ਤਾਂ,
ਦੁਲਹਣ ਦਿਸੀ ਕਿਤੇ ਨਾ, ਜਦ ਉਹ ਕੁਹਾਰ ਜਾਗੇ।

ਧਰਮਾਂ ਦੇ ਨਾਂ 'ਤੇ ਉਸਨੇ, ਇੱਕੋ ਬਿਆਨ ਦਿੱਤਾ,
ਜਾਗੇ ਕਈ ਜਨੂੰਨੀ, ਸੁੱਤੇ ਹਥਿਆਰ ਜਾਗੇ।

ਸੁਣਿਆਂ ਜਦੋਂ ਉਨ੍ਹਾਂ ਨੇ, ਫੁੱਲ ਖਿੜ ਪਏ ਨੇ ਏਧਰ,
ਮੇਰੇ ਹੀ ਦੋਸਤਾਂ 'ਚੋਂ, ਕਿੰਨੇ ਹੀ ਖ਼ਾਰ ਜਾਗੇ।

ਬੀਮਾਰ ਮਰਨ ਕੰਢੇ, ਮੁੰਦੀ ਪਿਆ ਸੀ ਅੱਖਾਂ,
ਆਹਟ ਸੁਣੀ ਤੁਹਾਡੀ, ਸੁਣਦੇ ਹੀ ਸਾਰ ਜਾਗੇ।

'ਹਿਰਖੀ' ਮਿਰੀ ਨਸੀਹਤ, ਆਈ ਨਾ ਰਾਸ ਉਸਨੂੰ,
ਥਾਂ-ਥਾਂ ਤੋਂ ਖਾ ਕੇ ਚੋਟਾਂ, ਹੋ ਕੇ ਖੁਆਰ ਜਾਗੇ।

*

ਤੂੰ ਭਲੇ ਬੰਦਿਆਂ ਦੀ ਸੁਹਬਤ ਕਰ !
ਨਾਮ ਜਪ , ਵੰਡ ਛਕ , ਮੁਸ਼ੱਕਤ ਕਰ !

ਬਖ਼ਸ਼ ਦਿਹ , ਬਖ਼ਸ਼ ਦਿਹ ਗੁਨਾਹ ਮੇਰੇ ,
ਐ ਖ਼ੁਦਾਇਆ ! ਤੂੰ ਬਖ਼ਸ਼, ਰਹਿਮਤ ਕਰ !

ਸਹਿਣ ਸ਼ਕਤੀ ਬਣੀ ਰਹੇ , ਚੰਗੈ ,
ਸਹਿਣ ਤੋਂ ਜਦ ਵਧੇ , ਬਗ਼ਾਬਤ ਕਰ !

ਜਾਣ ਵਾਲ਼ੇ ਨੂੰ ਅਲਵਿਦਾ ਆਖੀਂ,
ਆਉਣ ਵਾਲ਼ੇ ਦਾ ਸਵਾਗਤ ਕਰ !

ਐਸ਼ ਵੀ ਕਰ , ਮਗਰ ਕਮਾਈ 'ਚੋਂ ,
ਤੂੰ ਬੁਢੇਪੇ ਲਈ ਵੀ ਬੱਚਤ ਕਰ !

ਬੇਰੁਖ਼ੀ ਸਹਿ ਨਹੀਂ ਸਕਾਂਗਾ ਮੈਂ ,
ਰੋਜ਼ ਤਕਰਾਰ ਬੇਵਜ੍ਹਾ , ਮਤ ਕਰ !

ਉਮਰ ਭਰ ਸਹਿ ਲਏ ਬੜੇ ਦੁਖੜੇ ,
ਏਸ ਉਮਰੇ ਮਿਰੀ ਨਾ ਦੁਰਗਤ ਕਰ !

ਖਾਣ ਨੂੰ ਦੇ ਗਰੀਬ ਨੂੰ ਰੱਬਾ !
ਬੇਘਰਾਂ ਦੇ ਸਿਰਾਂ 'ਤੇ ਵੀ ਛੱਤ ਕਰ !

ਚਾਪਲੂਸੀ ਹੈ ਖ਼ੁਦਕੁਸ਼ੀ 'ਹਿਰਖੀ',
ਨਾ ਸਰੇ ਤਾਂ ਭੀ ਇਹ ਨਾ ਗ਼ਫ਼ਲਤ ਕਰ !

*

ਉਦ੍ਹਾ ਰੂਪ ਸੁਹਣਾ, ਉਦ੍ਹੇ ਨਾਜ਼ ਦਿਲਕਸ਼।
ਉਦ੍ਹੇ ਬੋਲ ਮਿੱਠੇ ਨੇ, ਆਵਾਜ਼ ਦਿਲਕਸ਼।

ਮੁਹੱਬਤ ਦੇ ਅੰਜ਼ਾਮ ਦਾ ਡਰ ਨਹੀਂ ਹੈ,
ਖ਼ੁਸ਼ੀ ਹੈ ਕਿ ਇਸਦਾ, ਹੈ ਆਗਾਜ਼ ਦਿਲਕਸ਼।

ਉਦ੍ਹੇ ਪੈਰ ਧਰਤੀ 'ਤੇ ਟਿਕਦੇ ਨਹੀਂ ਹਨ,
ਮੁਹੱਬਤ ਹੈ ਮੰਜ਼ਿਲ, ਤੇ ਪਰਵਾਜ਼ ਦਿਲਕਸ਼।

ਸਫ਼ਰ ਦਾ ਮਜ਼ਾ ਹੋਰ ਹੁੰਦਾ ਹੈ ਉਸ ਪਲ,
ਜਦੋਂ ਨਾਲ਼ ਹੁੰਦਾ ਹੈ ਹਮਰਾਜ਼ ਦਿਲਕਸ਼।

ਮਿਰੇ ਨਾਲ਼ ਗੁੱਸੇ ਤਾਂ ਹੁੰਦਾ ਹੈ, ਲੇਕਿਨ
ਮੁਹੱਬਤ 'ਚ ਕਰਦਾ ਹੈ ਇਤਰਾਜ਼ ਦਿਲਕਸ਼।

ਮਿਰੇ ਕੋਲ਼ ਹੈ ਖ਼ੂਬਸੂਰਤ ਖਜ਼ਾਨਾ,
ਮਿਰੇ ਦਿਲ 'ਚ ਹਨ ਪਿਆਰ ਦੇ ਰਾਜ਼ ਦਿਲਕਸ਼।

ਜਦੋਂ ਪਿਆਰ ਦੇ ਗੀਤ ਗਾਉਂਦੇ ਹਾਂ 'ਹਿਰਖੀ',
ਉਦੋਂ ਖ਼ੁਦ-ਬ-ਖ਼ੁਦ ਵਜਦੇ ਨੇ ਸਾਜ਼ ਦਿਲਕਸ਼।

*

ਜਿਸ ਰਸਤੇ 'ਤੇ ਉਹ ਮਿਲ ਜਾਵੇ , ਉਹ ਰਸਤਾ ਮੈਂ ਢੂੰਡ ਰਿਹਾ ਹਾਂ ।
ਹਾਲੇ ਤਕ ਤਾਂ ਮਿਲਿਆ ਨਈਂ ਹੈ , ਜੋ ਚਿਹਰਾ ਮੈਂ ਢੂੰਡ ਰਿਹਾ ਹਾਂ ।

ਲੋਕਾਂ ਵਿੱਚ ਘਬਰਾਹਟ ਕਿਉਂ ਹੈ , ਕਿਹੜੀ ਗੱਲੋਂ ਡਰਦੇ ਨੇ ਉਹ ?
ਸੱਚੋ-ਸਚ ਕਹਿ ਜਾਵੇ ਜਿਹੜਾ , ਉਹ ਵਕ਼ਤਾ ਮੈਂ ਢੂੰਡ ਰਿਹਾ ਹਾਂ ।

ਦੁੱਖਾਂ ਦੀ ਇਸ ਨਗਰੀ ਵਿੱਚੋਂ , ਹਰ ਬੰਦਾ ਸੁਖ ਭਾਲ਼ ਰਿਹਾ ਹੈ ,
ਜਿਸਨੂੰ ਕੋਈ ਚਿੰਤਾ ਨਈਂ ਹੈ , ਉਹ ਬੰਦਾ ਮੈਂ ਢੂੰਡ ਰਿਹਾ ਹਾਂ ।

ਜਿਸਤੇ ਕਿੰਤੂ ਹੋ ਨਈਂ ਸਕਦਾ , ਜਿਸਤੇ ਉਂਗਲ ਉਠ ਨਈਂ ਸਕਦੀ,
ਜਿਸ ਨੁਕ਼ਤੇ 'ਤੇ ਗਲ ਮੁਕ ਜਾਵੇ , ਉਹ ਨੁਕ਼ਤਾ ਮੈਂ ਢੂੰਡ ਰਿਹਾ ਹਾਂ ।

ਜਿਸਦੇ ਕਰਕੇ ਜੰਗ ਸਹੇੜੀ , ਜਿਸਦੇ ਬਾਰੇ ਸ਼ੱਕ ਜਿਹਾ ਸੀ ,
ਹਾਲੇ ਤਕ ਜੋ ਹੱਥ ਨਾ ਆਇਆ , ਉਹ ਅਸਲਾ ਮੈਂ ਢੂੰਡ ਰਿਹਾ ਹਾਂ ।

ਜਿਸਨੂੰ ਦੇਖਣ ਪਿੱਛੋਂ ਹੁਣ ਤਕ , ਚਾਹੁੰਨਾਂ ਮੁੜ-ਮੁੜ ਦੇਖਾਂ ਉਸਨੂੰ ,
ਮੁੱਦਤ ਹੋਈ ਜੋ ਨਈਂ ਆਇਆ , ਉਹ ਸੁਪਨਾ ਮੈਂ ਢੂੰਡ ਰਿਹਾ ਹਾਂ ।

ਇੱਕੋ ਵਾਰੀ ਜਿਸਨੂੰ ਪੜ੍ਹਿਆਂ , ਜੀਵਨ ਸਫ਼ਲਾ ਹੁੰਦਾ ਹੋਵੇ ,
ਭਾਵੇਂ ਔਖਾ ਹੋਵੇ ਪੜ੍ਹਨਾ , ਉਹ ਕਲਮਾ ਮੈਂ ਢੂੰਡ ਰਿਹਾ ਹਾਂ ।

ਜਿਹੜਾ ਮੇਰੀ ਖ਼ੈਰ ਮਨਾਉਂਦੈ , ਜਿਹੜਾ ਮੇਰਾ ਚੈਨ ਚੁਰਾਉਂਦੈ ,
ਜਿਸਦੀ ਯਾਦ ਵਸੀ ਹੈ ਦਿਲ ਵਿਚ , ਉਹ ਪਗਲਾ ਮੈਂ ਢੂੰਡ ਰਿਹਾ ਹਾਂ ।

ਪਹਿਲੀ ਮਿਲਣੀ ਵਰਗਾ 'ਹਿਰਖੀ', ਤੇਰੇ ਵਿੱਚ ਉਹ ਨਿੱਘ ਨਹੀਂ ਹੈ ,
ਤੇਰੇ 'ਚੋਂ ਜੋ ਮਨਫ਼ੀ ਹੋਇਐ , ਉਹ ਜਲਵਾ ਮੈਂ ਢੂੰਡ ਰਿਹਾ ਹਾਂ ।

*

ਮਨ 'ਚ ਅਪਣੇ ਉਤਾਰ , ਦਿਨ ਪਰ ਦਿਨ ।
ਨਾਮ ਉਸਦਾ ਉਚਾਰ , ਦਿਨ ਪਰ ਦਿਨ ।

ਵਧ ਰਿਹੈ ਦਿਲ 'ਤੇ ਭਾਰ , ਦਿਨ ਪਰ ਦਿਨ ।
ਹੋਰ ਮਿਹਣੇ ਨਾ ਮਾਰ , ਦਿਨ ਪਰ ਦਿਨ ।

ਉਸਦੇ ਉੱਤੇ ਯਕੀਨ ਸੀ , ਲੇਕਿਨ
ਝੂਠ ਨਿਕਲੇ ਕਰਾਰ , ਦਿਨ ਪਰ ਦਿਨ ।

ਮਨ ਇਕਾਗਰ ਕਿਵੇਂ ਕਰਾਂ ਅਪਣਾ ?
ਫਿਕਰ-ਮਾਰੇ ਵਿਚਾਰ , ਦਿਨ ਪਰ ਦਿਨ ।

ਹੋ ਰਿਹੈ ਕੀ ਸਮਾਜ ਸਾਰੇ ਨੂੰ ?
ਆ ਰਿਹਾ ਹੈ ਨਿਘਾਰ , ਦਿਨ ਪਰ ਦਿਨ ।

ਆ ਗਏ ਦਿਨ ਮਿਲਾਪ ਦੇ ਨੇੜੇ ,
ਹੋ ਰਿਹਾਂ ਬੇਕਰਾਰ , ਦਿਨ ਪਰ ਦਿਨ ।

ਉੜ ਕੇ ਉੱਚਾ ਦਿਖਾਊਂ ਦੇਵਾਂਗਾ ,
ਹੋ ਰਿਹਾਂ ਉਡਾਰ , ਦਿਨ ਪਰ ਦਿਨ ।

ਤਜ਼ਰੁਬੇ ਨਾਲ਼ ਆ ਰਹੀ ਸੋਝੀ ,
ਆ ਰਿਹਾ ਹੈ ਨਿਖ਼ਾਰ , ਦਿਨ ਪਰ ਦਿਨ ।

ਉਮਰ ਦੇ ਨਾਲ਼ ਤੂੰ ਲਿਆ 'ਹਿਰਖੀ',
ਆਪਣੇ ਵਿਚ ਸੁਧਾਰ , ਦਿਨ ਪਰ ਦਿਨ ।

*

ਕਰਦਾ ਰਿਹੈ ਹਮੇਸ਼ਾ, ਇਕਰਾਰ ਝੂਠਾ-ਸੱਚਾ।
ਕੀਤਾ ਹੈ ਮੈਂ ਵੀ ਉਸਤੇ, ਇਤਬਾਰ ਝੂਠਾ-ਸੱਚਾ।

ਉਹ ਹਰ ਸਮੇਂ ਰਿਹਾ ਹੈ, ਮ਼ਗ਼ਰੂਰ ਹੁਸਨ ਕਰਕੇ,
ਜਾਂਦਾ ਰਿਹਾ ਮੈਂ ਉਸਤੇ, ਬਲਿਹਾਰ ਝੂਠਾ-ਸੱਚਾ।

ਸੱਚੇ ਨੂੰ ਕਹਿਣ ਝੂਠਾ, ਲੇਕਿਨ ਉਹ ਆਪ ਝੂਠੇ,
ਕਰਦੇ ਪਏ ਨੇ ਮਿ਼ਲਕੇ, ਪਰਚਾਰ ਝੂਠਾ-ਸੱਚਾ।

ਖਾਲੀ ਕੁਈ ਨਾ ਮੁੜਦਾ, ਉਹਨਾਂ ਦੇ ਡੇਰਿਆਂ ਤੋਂ,
ਬੇੜਾ ਲਗਾਉਣ ਸਭ ਦਾ, ਉਹ ਪਾਰ ਝੂਠਾ-ਸੱਚਾ।

ਸਚ ਦੀ ਤਲਾਸ਼ ਪੂਰੀ, ਹੋਏਗੀ ਓਥੋਂ ਕਿੱਦਾਂ ?
ਜਿੱਥੇ ਉਨ੍ਹਾਂ ਸਜਾਇਐ, ਦਰਬਾਰ ਝੂਠਾ-ਸੱਚਾ।

ਗਲ ਤਾਂ ਨਹੀਂ ਸੀ ਕੁਝ ਵੀ, ਪਰ ਬਣ ਗਿਐ ਬਤੰਗੜ,
ਹੋਇਆ ਹੈ ਮੰਹੋਂ-ਮੂੰਹੀਂ, ਵਿਸਥਾਰ ਝੂਠਾ-ਸੱਚਾ।

ਸੁਣਕੇ ਮਿਰੀ ਉਹ ਹਾਲਤ, ਕਾਸਦ ਨੂੰ ਕਹਿਣ ਲੱਗੇ,
ਲਗਦੈ ਕਿ ਹੂੰਗਦਾ ਹੈ, ਬੀਮਾਰ ਝੂਠਾ-ਸੱਚਾ।

ਦੁਨੀਆ 'ਤੇ ਕੰਜਕਾਂ ਦਾ, ਕਿਸਨੂੰ ਹੈ ਦਰਦ ਏਥੇ ?
ਊਂ ਸੰਘ ਪਾੜਦੇ ਨੇ, ਫ਼ਨਕਾਰ ਝੂਠ-ਸੱਚਾ।

ਰੀਝਾਂ ਦੇ ਨਾਲ਼ ਜੀਣੈ, ਤਾਂ ਛਡ ਦੁਨੀਆਦਾਰੀ,
ਸਾਧਾਂ ਦਾ ਭੇਖ 'ਹਿਰਖੀ', ਤੂੰ ਧਾਰ ਝੂਠਾ-ਸੱਚਾ।

*

ਜਿਸ ਦਿਨ ਤੋਂ ਹਾਂ ਮੈਂ ਉਸਦਾ ਦਿਲਬਰ ਹੋਇਆ।
ਸਾਹਾਂ ਦਾ ਆਉਣਾ ਉਸਤੇ ਨਿਰਭਰ ਹੋਇਆ।

ਮੰਗ ਲੈ ਜੋ ਮੰਗਣੈ, ਮੈਂ ਕਦ ਨਾਬਰ ਹੋਇਆ ?
ਮੇਰਾ ਦਿਲ ਫੈਲ ਕੇ ਅਜਕਲ ਸਾਗਰ ਹੋਇਆ।

ਉਸਦੀ ਕੋਈ ਹੋਂਦ ਨਹੀਂ ਸੀ ਪਹਿਲਾਂ, ਪਰ
ਮੈਂ ਉਸਨੂੰ ਚਾਹਿਆ ਤਾਂ ਉਹ ਅੰਬਰ ਹੋਇਆ।

ਲੋਕਾਂ ਨੂੰ ਵਿਸ਼ਵਾਸ ਹੈ ਪੋਚਾ-ਪਾਚੀ 'ਤੇ,
ਪਰ ਮੈਥੋਂ ਇਹ ਵੀ ਨਹੀਂ ਅਡੰਬਰ ਹੋਇਆ।

ਭਰ-ਭਰ ਵਗੀਆਂ ਅੱਖਾਂ ਤੈਥੋਂ ਵਿੱਛੜ ਕੇ,
ਟੁੱਟ-ਭੱਜ ਵਰਗਾ ਜੋ ਹੋਇਆ, ਅੰਦਰ ਹੋਇਆ।

ਦਿਲ ਦੇ ਵਿਹੜੇ ਵਿੱਚ ਵੀਰਾਨੀ ਵੀ ਛਾਈ,
ਜਿਸਮ ਅਲੱਗ ਮਿਰਾ ਹਿਜਰ 'ਚ ਖੰਡਰ ਹੋਇਆ।

ਤੂਫ਼ਾਨ ਹੈ ਦਿਲ ਵਿਚ, ਨੈਣੀਂ ਹੰਝੂ ਵੀ ਨੇ,
ਝੱਖੜ, ਨੇਰ੍ਹੀ, ਮੀਂਹ ਵਰਗਾ ਮੰਜ਼ਰ ਹੋਇਆ।

ਇਸ਼ਕ-ਹਕ਼ੀਕੀ ਦਾ ਰੰਗ ਚੜ੍ਹਿਆ ਜਦ ਉਸਤੇ,
ਤਦ ਤੋਂ ਪੂਜਣ ਲਾਇਕ ਉਹ ਪੱਥਰ ਹੋਇਆ।

ਮੈਂ ਤਾਂ 'ਹਿਰਖੀ' ਕਹੀ ਪੁਗਾਈ ਹਰ ਹੀਲੇ,
ਵਾਅਦਾ ਕਰਕੇ ਮੈਥੋਂ ਨਾ ਮੁੱਕਰ ਹੋਇਆ।

*

ਮਿਰਜ਼ੇ ਨੂੰ ਸੀ ਮਾਣ ਬਥੇਰਾ , ਬੱਕੀ , ਸਾਹਿਬਾਂ , ਤੀਰਾਂ ਉੱਤੇ।
ਸਾਹਿਬਾਂ ਨੂੰ ਸੀ ਡਰ ਤੇ ਗੁੱਸਾ , ਅਪਣੇ ਸਾਰੇ ਵੀਰਾਂ ਉੱਤੇ।

ਮਨ ਦੀ ਮੈਲ਼ ਨਾ ਧੋਵੇ ਬੰਦਾ , ਪਰਤਾਂ ਉੱਤੇ ਪਰਤਾਂ ਚੜ੍ਹੀਆਂ ,
ਸਾਬਣ , ਪਊਡਰ , ਸੈਂਟ ਵਗੈਰਾ , ਲਾਵੇ ਕਰੀਮ ਸਰੀਰਾਂ ਉੱਤੇ।

ਅੰਨ ਉਗਾਉਣੇ ਵਾਲ਼ਾ ਦਾਤਾ , ਖ਼ੁਦ ਫਿਰਦਾ ਹੈ ਭੁੱਖਣਭਾਣਾ ,
ਕਰਜ਼ੇ ਥੱਲੇ ਆਈ ਜਾਵੇ , ਖੇਤੀ ਛੱਡੀ ਸੀਰਾਂ ਉੱਤੇ।

ਇਹ ਦਾਤਾਂ ਦਾਤਾਰ ਦੀਆਂ ਨੇ , ਇਨ੍ਹਾਂ ਸਹਾਰੇ ਗ਼ੁਜ਼ਰੇ ਜੀਵਨ ,
ਨਾਲ਼ ਨਾ ਆਈਆਂ, ਨਾਲ਼ ਨਾ ਜਾਵਣ , ਕਾਹਦਾ ਮਾਣ ਜਗੀਰਾਂ ਉੱਤੇ ?

ਉਸ ਰਾਜੇ ਦੇ ਰਾਜ 'ਚ ਮਿਲ਼ਦੈ , ਕਦ ਲੋਕਾਂ ਨੂੰ ਇਨਸਾਫ਼ ਭਲਾ ?
ਜਿਹੜਾ ਐਸ਼ - ਪਰਸਤੀ ਕਰਦੈ , ਸੁੱਟ ਕੇ ਰਾਜ ਵਜ਼ੀਰਾਂ ਉੱਤੇ।

ਇਹ ਵੀ ਰੱਬਾ ਤੇਰੇ ਬੰਦੇ , ਇਉਂ ਹੀ ਜਨਮੇਂ, ਇਉਂ ਹੀ ਮਰਨਾ,
ਭੁੱਖਣ-ਭਾਣੇ ਢਿੱਡ ਨੇ ਹੇਠਾਂ , ਤਨ ਢਕਣੇ ਨੂੰ ਲੀਰਾਂ ਉੱਤੇ।

ਪਿਆਰ ਦਾ ਧਾਗਾ ਕਾਫ਼ੀ ਹੁੰਦੈ , ਨਿਭਦੈ ਸੱਤਾਂ ਜਨਮਾਂ ਤੀਕਰ ,
ਬਹੁਤਾ ਮਾਣ ਨਾ ਕਰੀਏ ਅਜਕਲ , ਛੱਲੇ ਤੇ ਜ਼ੰਜੀਰਾਂ ਉੱਤੇ।

ਧਰਮ ਦੇ ਰਾਖੇ ਇਹ ਹੀ ਆਖਣ , ਮੰਨਣ ਵਾਲ਼ੇ ਮੰਨ ਵੀ ਜਾਵਣ ,
ਧਰਮ ਦੇ ਨਾਂ 'ਤੇ ਜਾਨਾਂ ਵਾਰੋ , ਮਿਲਣ ਤੁਸਾਂ ਨੂੰ ਹੀਰਾਂ ਉੱਤੇ।

'ਹਿਰਖੀ' ਪੁੱਛੇ ਰਬ ਸੱਚੇ ਨੂੰ , ਸੱਚੀਂ ਦੱਸੀਂ ਕੀ ਇਹ ਸਚ ਹੈ ,
ਭਾਈਆਂ ਨੂੰ ਪਰਸ਼ਾਦ ਮਿਲੇਗਾ , ਪੰਡਤ ਜੀ ਨੂੰ ਖੀਰਾਂ ਉੱਤੇ ?

*

ਉਲਫ਼ਤ ਦੀ ਮੰਗਾਂ ਖ਼ੈਰ ਤਾਂ, ਆਖੇ ਅਜੇ ਨਹੀਂ।
ਉਸਨੂੰ ਕਹਾਂ ਮੈਂ ਸੁਹਣਿਆਂ, ਲਾਰੇ ਖਰੇ ਨਹੀਂ।

ਕਿੱਦਾਂ ਦਾ ਆਇਆ ਹੈ ਸਮਾਂ, ਮੁੱਠੀ 'ਚ ਜਾਨ ਹੈ,
ਚਿੰਤਾ 'ਚ ਗ਼ੁਜ਼ਰੇ ਜ਼ਿੰਦਗੀ, ਹੁਣ ਉਹ ਮਜ਼ੇ ਨਹੀਂ।

ਲੋਕਾਂ ਨੂੰ ਮਾਰਨ ਵਾਲ਼ਿਓ ! ਕੁਝ ਤਾਂ ਹਯਾ ਕਰੋ,
ਸਾਡੇ ਤਾਂ ਬਣਨੈਂ ਕੀ ਤੁਸੀਂ, ਅਪਣੇ ਸਕੇ ਨਹੀਂ।

ਰਸਤੇ 'ਚ ਆਈਆਂ ਮੁਸ਼ਕਿਲਾਂ-ਦਰ-ਮੁਸ਼ਕਿਲਾਂ, ਮਗਰ
ਜਦ ਉਹ ਅਸਾਡੇ ਨਾਲ਼ ਸੀ, ਆਪਾਂ ਡਰੇ ਨਹੀਂ।

ਤਰਦੇ ਗਏ ਦਰਿਆ ਮਗਰ, ਨੈਣਾਂ ਦੀ ਝੀਲ ਵਿਚ,
ਡੁੱਬਣਾ ਅਸੀਂ ਸਾਂ ਲੋਚਦੇ, ਤਾਹੀਂ ਤਰੇ ਨਹੀਂ।

ਕਿੱਦਾਂ ਕਹਾਂ ਮੈਂ ਦੋਸਤਾ, ਹਰ ਹਾਲ ਆ ਕੇ ਮਿਲ਼ ?
ਹਾਲਾਤ ਮੇਰੇ ਸ਼ਹਿਰ ਦੇ ਜਦ ਤਕ ਖਰੇ ਨਹੀਂ।

ਤੂੰ ਦਿਲ 'ਚ ਝਾਤੀ ਮਾਰ ਕੇ, ਇੱਕ ਵਾਰ ਦੇਖ ਲੈ,
ਉਹ ਤਾਂ ਹਮੇਸ਼ਾਂ ਨਾਲ਼ ਹੈ, 'ਹਿਰਖੀ' ਪਰੇ ਨਹੀਂ।

*

ਦਿਲ 'ਤੇ ਚੋਟ ਕਰਾਰੀ ਲੱਗੀ।
ਏਦਾਂ ਦੁਨੀਆਂ - ਦਾਰੀ ਲੱਗੀ।

ਬਿਰਖ ਹਲਾਲ ਹਮੇਸ਼ਾ ਹੋਇਆ,
ਜਦ-ਜਦ ਉਸਨੂੰ ਆਰੀ ਲੱਗੀ।

ਮਿੱਠੀ ਵੀ ਹੈ ਏਥੋਂ-ਓਥੋਂ,
ਬਹੁਤੀ ਦੁਨੀਆ ਖਾਰੀ ਲੱਗੀ।

ਜਦ ਮਿਲ਼ਿਆ, ਬੁਝਿਆ ਲੱਗਾ,
ਮੁਖੜੇ 'ਤੇ ਲਾਚਾਰੀ ਲੱਗੀ।

ਬਣ ਜਾਏਗੀ ਅਗਲੀ ਰਚਨਾ,
ਜਦ ਵੀ ਖ਼ਿਆਲ ਉਡਾਰੀ ਲੱਗੀ।

ਖਿਲ ਉੱਠਿਆ ਹੈ ਮੇਰਾ ਹਿਰਦਾ,
ਇਸ਼ਕ ਝਨਾਂ ਵਿੱਚ ਤਾਰੀ ਲੱਗੀ।

ਜਿਸ 'ਚੋਂ ਉਸਦੇ ਦਰਸ਼ਨ ਹੁੰਦੇ,
ਓਹੀ ਚੰਗੀ ਬਾਰੀ ਲੱਗੀ।

ਬੋਝਲ ਕਦਮੀਂ ਤੁਰਿਆ ਫਿਰਦਾਂ,
ਅਪਣੀ ਦੇਹ ਵੀ ਭਾਰੀ ਲੱਗੀ।

ਵਕ਼ਤ ਮਿਲ਼ੇ ਤਾਂ ਰਚਦੈ ਗ਼ਜ਼ਲਾਂ,
'ਹਿਰਖੀ' ਨੂੰ ਬੀਮਾਰੀ ਲੱਗੀ।

*

ਅਰਦਾਸ ਕਰ! ਕਿ ਜਗ ਵਿਚ, ਅਮਨ-ਓ-ਅਮਾਨ ਹੋਵੇ।
ਆਲੋਪ ਰਾਤੋਂ - ਰਾਤੀਂ, ਜੰਗੀ ਸਮਾਨ ਹੋਵੇ।

ਉੱਚੀ ਤੋਂ ਵੀ ਉਚੇਰੀ, ਸ਼ਾਨਾਂ ਨੂੰ ਮਾਤ ਪਾਉਂਦੀ,
ਦੁਨੀਆ 'ਚ ਖ਼ਾਲਸੇ ਦੀ, ਸ਼ਾਨਾਂ 'ਚੋਂ ਸ਼ਾਨ ਹੋਵੇ।

ਇਤਫ਼ਾਕ ਨਾਲ ਜੇਕਰ, ਸਾਰੇ ਹੀ ਰਹਿਣ ਲੱਗਣ,
ਜੀਵਨ ਹਰਿਕ ਦਾ ਅਪਣਾ, ਸੁੱਖਾਂ ਦੀ ਖ਼ਾਨ ਹੋਵੇ।

ਨਾ ਈਰਖਾ ਹੀ ਹੋਵੇ, ਨਾ ਕਤਲ ਹੋਣ ਥਾਂ-ਥਾਂ,
ਸੰਭਵ ਹੈ, ਜੇ ਹਰਿਕ ਨੂੰ, ਸਚ ਦਾ ਗਿਆਨ ਹੋਵੇ।

ਨਾ ਦੇਸ਼-ਦੇਸ਼ ਝਗੜਨ, ਨਾ ਲੋਕ ਮਰਨ-ਮਾਰਨ,
ਇਸ ਹੱਦ ਤੀਕ ਨਾ ਜੇ, ਗਿਰਿਆ ਰੁਝਾਨ ਹੋਵੇ।

ਉਹ ਵੀ ਕਬੂਲ ਆਖੇ, ਤਾਂ ਗਲ ਬਣੇ ਅਸਾਡੀ,
ਉਹ ਹਾਂ ਕਰੂ ਜੇ ਉਸਦਾ, ਨਾ ਦਿਲ ਚਟਾਨ ਹੋਵੇ।

ਦਿਲ ਵਿਚ ਵਲਵਲੇ ਨੇ, ਸਾਂਭੀ ਫਿਰਾਂ ਅਜੇ ਤਕ,
ਚਾਹਾਂ, ਮਗਰ ਨਾ ਮੈਥੋਂ, ਇਕ ਵੀ ਬਿਆਨ ਹੋਵੇ।

ਚਲਦਾ ਰਹਾਂ ਇਵੇਂ ਹੀ, ਜੀਵਨ ਦੇ ਅੰਤ ਤੀਕਰ,
ਨਾ ਅੜਚਨਾਂ ਹੀ ਆਵਣ, ਨਾਹੀਂ ਥਕਾਨ ਹੋਵੇ।

ਉਸ ਨਾਲ਼ ਇਉਂ ਰਹਾਂ ਮੈਂ, ਖ਼ਾਹਿਸ਼ ਮਿਰੀ ਹੈ 'ਹਿਰਖੀ',
ਕਲਬੂਤ ਹੋਣ ਦੋ ਪਰ, ਇੱਕੋ ਹੀ ਜਾਨ ਹੋਵੇ।

*

ਮੈਂ ਕਿਹਾ ਮੈਨੂੰ ਪਿਆ ਪਾਣੀ।
ਹੱਥੋਂ ਉਸਦੇ ਮੁਧ ਗਿਆ ਪਾਣੀ।

ਕੋਲ਼ ਜਾ ਕੇ ਸੁਕ-ਪਕਾ ਮਿਲਿਆ,
ਦੂਰ ਤੋਂ ਜੋ ਜਾਪਿਆ ਪਾਣੀ।

ਪੀੜ ਦਿਲ ਦੀ ਨਾ ਲੁਕਾ ਸਕਿਆ,
ਉਸਦੇ ਨੈਣੀਂ ਆ ਗਿਆ ਪਾਣੀ।

ਪਿਆਸ ਪਾਣੀ ਦੀ ਰਹੀ ਕਾਇਮ,
ਉਸਦੀ ਛੋਹ ਨੂੰ ਤਰਸਿਆ ਪਾਣੀ।

ਛੋਹ ਪਰਾਪਤ ਹੋ ਗਈ ਉਸਨੂੰ,
ਉਹ ਨਹਾਤੇ, ਮਹਿਕਿਆ ਪਾਣੀ।

ਮਨ ਫ਼ਰੇਬੀ ਹੋ ਗਏ ਅਜਕਲ,
ਖ਼ੂਨ ਸਭ ਦਾ ਹੋ ਗਿਆ ਪਾਣੀ।

ਵੇਚਿਆ ਦੁਧ ਉਮਰ ਭਰ, ਲੇਕਿਨ
ਵਿਚ ਮਿਲਾ ਕੇ ਵੇਚਿਆ ਪਾਣੀ।

ਲੈਣ ਦੇ ਦੇਣੇ ਪਏ ਤਾਂ ਫਿਰ,
ਸੌ ਘੜੇ ਸਿਰ 'ਤੇ ਪਿਆ ਪਾਣੀ।

ਤੁਰ ਗਿਆ 'ਹਿਰਖੀ' ਖ਼ੁਦਾ ਦੇ ਘਰ,
ਪਾਣੀ ਦੇ ਸੰਗ ਹੋ ਗਿਆ ਪਾਣੀ।

*

ਮੇਰਾ ਇਹ ਹੌਸਲਾ ਜੇ , ਸਚ-ਮੁਚ ਬੁਲੰਦ ਹੁੰਦਾ।
ਚੜ੍ਹਦੀ ਕਲਾ 'ਚ ਰਹਿੰਦਾ, ਮੱਥੇ 'ਚ ਚੰਦ ਹੁੰਦਾ।

ਮੇਰੇ ਨਸੀਬ 'ਚੋਂ ਨਾ , ਹੁੰਦਾ ਜੇ ਪਿਆਰ ਮਨਫ਼ੀ ,
ਹੁੰਦਾ ਨਾ ਟੁਕੜੇ-ਟੁਕੜੇ, ਨਾ ਤੰਦ-ਤੰਦ ਹੁੰਦਾ।

ਸਮਝੋਂ ਪਰੇ ਹੈ ਮੈਨੂੰ , ਤੇਰਾ ਵਿਧਾਨ ਕਾਹਤੋਂ ?
ਆਉਂਦਾ ਸਮਝ ਤਦੇ ਜੇ , ਅਕਲੋਂ ਨਾ ਮੰਦ ਹੁੰਦਾ।

ਸੌੜੀ ਹੈ ਸੋਚ ਅਜਕਲ , ਸਾਰੇ ਸਮਾਜ ਦੀ ਕਿਉਂ ?
ਸੌਖੀ ਸੀ ਜ਼ਿੰਦਗੀ ਤਾਂ , ਜੇ ਨਾ ਦਵੰਦ ਹੁੰਦਾ।

ਮੇਰੀ ਪਸੰਦ ਦਾ ਤਾਂ , ਮੈਨੂੰ ਗਿਆਨ ਹੈ , ਪਰ
ਹੁੰਦੀ ਖ਼ੁਸ਼ੀ , ਜੇ ਮੈਂ ਵੀ , ਉਸਦੀ ਪਸੰਦ ਹੁੰਦਾ।

ਦਿਲ ਵਿਚ ਨੇ ਵਲਵਲੇ ਪਰ, ਹੋਵਣ ਬਿਆਨ ਕਿੱਥੇ ?
ਰਚਦਾ ਗ਼ਜ਼ਲ ਸੁਹਾਣੀ , ਸੌਖਾ ਜੇ ਛੰਦ ਹੁੰਦਾ।

ਕੋਸ਼ਿਸ਼ ਬੜੀ ਹੈ ਕੀਤੀ , ਮੈਂ ਜਾਨ ਪਾਉਣ ਦੀ, ਪਰ
'ਹਿਰਖੀ' ਕਦੋਂ ਸਮੁੰਦਰ , ਕੁੱਜੇ 'ਚ ਬੰਦ ਹੁੰਦਾ ?

*

ਸੱਜਣ ਵਸਦੈ ਪਰਲੇ ਪਾਰ , ਸਨੋਅ ਦਾ ਮੌਸਮ ਹੈ ।
ਉਸ ਬਿਨ ਸੁੰਞਾ ਹੈ ਸੰਸਾਰ , ਸਨੋਅ ਦਾ ਮੌਸਮ ਹੈ ।

ਮੇਰੇ ਦਿਲ ਦੇ ਅੰਦਰ ਤਪਸ਼ ਹੈ ਯਾਰ ਜੁਦਾਈ ਦੀ ,
ਲੇਕਿਨ ਦਿਲ ਦੇ ਬਾਹਰਵਾਰ , ਸਨੋਅ ਦਾ ਮੌਸਮ ਹੈ ।

ਤੇਰੀ ਯਾਦ ਦਿਲਾਉਂਦਾ ਹੈ , ਮਸਤਾਉਂਦਾ ਹੈ ਮੈਨੂੰ ,
ਅੱਤ ਦਰਜੇ ਦਾ ਟੂਣੇਹਾਰ , ਸਨੋਅ ਦਾ ਮੌਸਮ ਹੈ ।

ਬਰਫ਼ ਵਿਚਾਰੀ ਗਰਮ ਸੁਭਾ ਦੀ ਹੈ , ਮੈਂ ਤਪਦਾ ਹਾਂ ,
ਤੂੰ ਹੀ ਤਪਦਾ ਸੀਨਾ ਠਾਰ , ਸਨੋਅ ਦਾ ਮੌਸਮ ਹੈ ।

ਏਦਾਂ ਕਰਿਆਂ ਮੇਰੇ ਦਿਲ ਵਿਚ ਭਾਂਬੜ ਬਲਦੇ ਨੇ ,
ਤੂੰ ਨਾ ਮੈਨੂੰ ਇੰਝ ਨਿਹਾਰ , ਸਨੋਅ ਦਾ ਮੌਸਮ ਹੈ ।

ਜਿਸ ਨੂੰ ਆਉਂਦਾ ਹੈ ਇਹ ਰਾਸ , ਉਹ ਮੌਜਾਂ ਮਾਣੇਗਾ ,
ਬਾਕੀ ਸਭ ਦੇ ਲਈ ਬੇਕਾਰ , ਸਨੋਅ ਦਾ ਮੌਸਮ ਹੈ ।

ਪਹਿਲਾਂ ਹੀ ਹਾਲਾਤ ਬੜੇ ਨੇ ਖ਼ੁਦ ਨੂੰ ਜਾਲਣ ਲਈ ,
ਹੋਰ ਨਾ ਗੁੱਝੀਆਂ ਛਮਕਾਂ ਮਾਰ , ਸਨੋਅ ਦਾ ਮੌਸਮ ਹੈ ।

ਨੈਣਾਂ ਦੀ ਗਹਿਰਾਈ ਕਾਫ਼ੀ ਸੀ ਡੁੱਬ ਜਾਣ ਲਈ ,
ਉੱਤੋਂ ਲਾਲ ਉਦ੍ਹੇ ਰੁਖ਼ਸਾਰ , ਸਨੋਅ ਦਾ ਮੌਸਮ ਹੈ ।

'ਹਿਰਖੀ' ਵਰਗੇ ਜਾਮ 'ਤੇ ਜਾਮ ਚੜ੍ਹਾਉਂਦੇ ਦੇਖੇ ਨੇ ,
ਗੁਰਮੁਖ ਜਪਦੇ ਸਤਿ ਕਰਤਾਰ, ਸਨੋਅ ਦਾ ਮੌਸਮ ਹੈ ।

*

ਜੀਵਨ ਦੇ ਹਮਸਾਏ ਗੀਟੇ।
ਮੁੜ-ਮੁੜ ਚੇਤੇ ਆਏ ਗੀਟੇ।

ਸਜਣਾ ਕੋਲ਼ੋਂ ਆਏ ਗੀਟੇ।
ਘੁਟ-ਘੁਟ ਸੀਨੇ ਲਾਏ ਗੀਟੇ।

ਜਾਨ ਤੋਂ ਵਧਕੇ ਲੱਗਣ ਮੈਨੂੰ,
ਮੇਰੇ ਦਿਲ 'ਤੇ ਛਾਏ ਗੀਟੇ।

ਕਿੰਨੇ ਪਿਆਰੇ-ਪਿਆਰੇ ਲੱਗਣ,
ਅਲਸਾਏ - ਅਲਸਾਏ ਗੀਟੇ।

ਮੰਦਾ-ਚੰਗਾ ਕਿਸ ਨੂੰ ਆਖਾਂ ?
ਰਬ ਨੇ ਆਪ ਬਣਾਏ ਗੀਟੇ।

ਰਿਸ਼ਵਤ ਲੈਂਦੇ, ਵੱਢੀ ਖਾਵਣ,
ਹਾਏ ਗੀਟੇ ! ਹਾਏ ਗੀਟੇ।

ਚੰਗਾ-ਮੰਦਾ ਕਿੱਦਾਂ ਸੋਚਣ ?
ਆਈ 'ਤੇ ਜਦ ਆਏ ਗੀਟੇ।

ਏਧਰ-ਓਧਰ ਕਿਸਨੂੰ ਢੂੰਡਣ ?
ਨੈਣਾਂ ਦੇ ਤਿਰਹਾਏ ਗੀਟੇ।

ਉੱਠੀਆਂ ਫੇਰ ਤਰੰਗਾਂ 'ਹਿਰਖੀ',
ਦੇਖੇ ਜਦ ਅਲਸਾਏ ਗੀਟੇ।

*

ਜੋ ਸਿਰ ਤਲੀ 'ਤੇ ਧਰਦੇ , ਬਲ਼ਦੇ ਚਿਰਾਗ਼ ਹੋਰ ।
ਸੋਮੇਂ ਨੇ ਰੌਸ਼ਨੀ ਦੇ , ਬਲ਼ਦੇ ਚਿਰਾਗ਼ ਹੋਰ ।

ਝੱਖੜ 'ਚ ਸ਼ਾਂਤ ਰਹਿੰਦੇ , ਬਲ਼ਦੇ ਸਦਾ ਅਡੋਲ ,
ਚਾਨਣ ਹਰਿਕ ਨੂੰ ਕਰਦੇ , ਬਲ਼ਦੇ ਚਿਰਾਗ਼ ਹੋਰ ।

ਕੁਰਬਾਨੀਆਂ ਦੇ ਜਜ਼ਬੇ , ਦਿਲ ਵਿਚ ਜਿਨ੍ਹਾਂ ਦੇ ਹੋਣ ,
ਬੁਝਣੋ ਨਹੀਂ ਉਹ ਡਰਦੇ , ਬਲ਼ਦੇ ਚਿਰਾਗ਼ ਹੋਰ ।

ਜੋ ਦੇਸ਼ ਕੌਮ ਖ਼ਾਤਰ , ਕੁਰਬਾਨ ਕਰਦੇ ਜਾਨ ,
ਬੁਝਕੇ ਵੀ ਉਹ ਨਾ ਬੁਝਦੇ , ਬਲ਼ਦੇ ਚਿਰਾਗ਼ ਹੋਰ ।

ਓ ਜ਼ੁਲਮ ਕਰਨ ਵਾਲ਼ੇ ! ਹੁਣ ਵੀ ਸੰਭਾਲ ਹੋਸ਼ ,
ਵਰਨਾ ਤੂੰ ਵੇਖੀਂ ਹਿੱਕ 'ਤੇ , ਬਲ਼ਦੇ ਚਿਰਾਗ਼ ਹੋਰ ।

ਦੁਨੀਆ 'ਚ ਬਣਨ ਓਹੀ , ਸਭ ਦੇ ਲਈ ਮਿਸਾਲ ,
ਜੋ ਉਫ਼ ਕਦੀ ਨਾ ਕਰਦੇ , ਬਲ਼ਦੇ ਚਿਰਾਗ਼ ਹੋਰ ।

ਮੰਜ਼ਿਲ ਕਦਮ-ਕਦਮ 'ਤੇ , ਚੁੰਮਦੀ ਉਨ੍ਹਾਂ ਦੇ ਪੈਰ ,
ਜੋ ਨੇ ਅਡੋਲ ਬਲ਼ਦੇ , ਬਲ਼ਦੇ ਚਿਰਾਗ਼ ਹੋਰ ।

ਆਪਾ ਜਲ਼ਾ ਕੇ ਜਿਹੜੇ , ਨਿਤ ਰੌਸ਼ਨੀ ਨੇ ਕਰਦੇ ,
ਯਾ ਰਬ ! ਇਹ ਰਹਿਣ ਬਲ਼ਦੇ , ਬਲ਼ਦੇ ਚਿਰਾਗ਼ ਹੋਰ ।

ਦੁਖ ਤਾਂ ਬੜਾ ਏ 'ਹਿਰਖੀ', ਹੁੰਦਾ ਨਹੀਂ ਬਿਆਨ ,
ਚੰਗਾ ਸੀ ਥੋੜ੍ਹਾ ਚਿਰ ਜੇ , ਬਲ਼ਦੇ ਚਿਰਾਗ਼ ਹੋਰ ।

*

ਨਾਮ ਤੇਰਾ ਜੋੜਕੇ ਉਹ , ਨਾਂ ਮਿਰੇ ਦੇ ਨਾਲ਼ ਦੇਖ।
ਕਹਿ ਰਹੇ ਨੇ ਜ਼ਿੰਦਗੀ ਵਿਚ , ਇਹ ਵੀ ਰਿਸ਼ਤਾ ਪਾਲ਼ ਦੇਖ।

ਹਫ਼ਤਿਆਂ ਦੇ ਗੇੜ ਅੰਦਰ , ਹੋ ਗਏ ਕੰਗਾਲ ਦੇਖ।
ਪਰ ਲਗਾ ਕੇ ਉੜ ਰਹੇ ਨੇ , ਜ਼ਿੰਦਗੀ ਦੇ ਸਾਲ ਦੇਖ।

ਉਸਨੂੰ ਛੱਡਕੇ ਬਿਰਖ ਸਾਰਾ , ਦਿਸ ਰਿਹੈ ਸੁੰਞਾ, ਉਦਾਸ
ਜਿਸ 'ਤੇ ਪੰਛੀ ਆ ਕੇ ਬੈਠੇ , ਝੂਲਦੀ ਉਹ ਡਾਲ਼ ਦੇਖ।

ਦੁਸ਼ਮਣਾਂ ਦੇ ਵਾਰ ਨੂੰ ਵੀ ਰੋਕਦਾ ਹਾਂ ਏਸ ਨਾਲ਼ ,
ਕੋਲ਼ ਰਖਦਾ ਹਾਂ ਮੈਂ ਅਪਣੇ ਪਿਆਰ ਦੀ ਜੋ ਢਾਲ਼ ਦੇਖ।

ਦੁਸ਼ਮਣਾਂ ਦੀ ਦੁਸ਼ਮਣੀ ਤਾਂ , ਦਿਸ ਪਵੇਗੀ ਸਾਫ਼ - ਸਾਫ਼ ,
ਦੋਸਤਾਂ ਦੀ ਲਾਗਬਾਜ਼ੀ , ਦੋਸਤਾਂ ਦੀ ਚਾਲ ਦੇਖ।

ਉਸ ਖ਼ੁਦਾ ਤੋਂ ਦੂਰ ਹੋਇਓਂ , ਹੋ ਗਈ ਮਸਰੂਫ਼ ਜਾਨ ,
ਰਿਸ਼ਤਿਆਂ ਦਾ ਬੁਣ ਲਿਆ ਹੈ , ਮਨ ਦੁਆਲ਼ੇ ਜਾਲ਼ ਦੇਖ।

ਦਿਨ-ਦਿਹਾੜੇ ਯਾਦ ਤੇਰੀ , ਜਦ ਸਤਾਵੇ ਸ਼ਾਮ ਤੀਕ ,
ਰਾਤ ਮੇਰੀ ਬੀਤਦੀ ਹੈ , ਤਾਰਿਆਂ ਦਾ ਥਾਲ਼ ਦੇਖ।

ਕਿਸ ਤਰ੍ਹਾਂ ਦਾ ਸਿਲਸਿਲਾ ਹੈ, ਕਿਸ ਤਰ੍ਹਾਂ ਦਾ ਆਉਣ ਜਾਣ ?
ਬੈਠ ਜਾਵਾਂ , ਬੈਠ ਜਾਵੇ , ਜੇ ਤੁਰਾਂ , ਰਹੇ ਨਾਲ਼ ਦੇਖ।

ਹੋਰ ਸ਼ੈਆਂ ਭਾਲ਼ਦਾ ਤੂੰ ਆਪ ਨਾ ਜਾਵੀਂ ਗੁਆਚ ,
ਭਾਲਣਾ ਚਾਹੇਂ ਤਾਂ 'ਹਿਰਖੀ' ਉਸ ਖ਼ੁਦਾ ਨੂੰ ਭਾਲ਼ ਦੇਖ।

*

ਦਿੱਤਾ ਮੁੜਦੈ ਉਧਾਰ ਕਿੱਥੇ ?
ਵਧਣੈ ਏਦਾਂ ਵਪਾਰ ਕਿੱਥੇ ?

ਨਰਕ ਵਿੱਚੋਂ ਸਵਰਗ ਤੀਕਣ,
ਪਹੁੰਚਦੀ ਹੈ ਪੁਕਾਰ ਕਿੱਥੇ ?

ਹਰ ਸਮੇਂ ਚਿਤਵਦੈ ਬੁਰਾਈ,
ਨੇਕ ਉਸਦੇ ਵਿਚਾਰ ਕਿੱਥੇ ?

ਢਲ਼ ਗਈ ਉਮਰ ਤੇ ਜਵਾਨੀ,
ਪਹਿਲਾਂ ਵਾਲ਼ਾ ਖ਼ੁਮਾਰ ਕਿੱਥੇ ?

ਜ਼ਿੰਦਗੀ ਨਾ ਗਵਾ ਅਜਾਈਂ,
ਮਿਲ਼ਦੀ ਹੈ ਵਾਰ - ਵਾਰ ਕਿੱਥੇ ?

ਮਨ ਭਟਕਦੈ, ਨਾ ਵਸ 'ਚ ਆਉਂਦਾ,
ਜੁੜਦੀ ਹੈ ਦਿਲ ਦੀ ਤਾਰ ਕਿੱਥੇ ?

ਮੈਂ ਉਡੀਕਾਂ ਜਿਨੂੰ ਹਮੇਸ਼ਾ,
ਓਸਨੂੰ ਵੀ ਕਰਾਰ ਕਿੱਥੇ ?

ਦਿਲ ਮਿਰੇ ਨੂੰ ਉਹ ਸਾਂਭ ਲੈਂਦਾ,
ਯਾਰ ਏਨਾ ਸੁਚਾਰ ਕਿੱਥੇ ?

ਜੇ ਨਾ ਚਾਹੇ ਖ਼ੁਦਾ, ਤਾਂ 'ਹਿਰਖੀ',
ਜ਼ਿੰਦਗੀ ਦਾ ਪਸਾਰ ਕਿੱਥੇ ?

*

ਮਿਰਾ ਚੈਨ ਹਾਏ, ਤਿਰੇ ਜਾਣ ਪਿੱਛੋਂ।
ਮਿਰਾ ਸਾਹ ਸੁਕਾਏ, ਤਿਰੇ ਜਾਣ ਪਿੱਛੋਂ।

ਇਹ ਅੱਖਾਂ ਦੇ ਕੋਏ, ਗਚਾਗਚ ਭਰੇ ਨੇ,
ਮੈਂ ਦਰਿਆ ਵਹਾਏ, ਤਿਰੇ ਜਾਣ ਪਿੱਛੋਂ।

ਵਿਛੋੜੇ ਦੇ ਹੰਝੂ, ਮੈਂ ਕਿੱਦਾਂ ਲੁਕਾਵਾਂ ?
ਨਾ ਲੁਕਦੇ ਲੁਕਾਏ, ਤਿਰੇ ਜਾਣ ਪਿੱਛੋਂ।

ਜੇ ਰੋਵਾਂ ਤਾਂ ਰੋਣਾ, ਨਿਕਲਦਾ ਨਹੀਂ ਹੈ,
ਨਾ ਹੱਸਿਆ ਵੀ ਜਾਏ, ਤਿਰੇ ਜਾਣ ਪਿੱਛੋਂ।

ਨਾ ਖਾਣਾ ਨਾ ਪੀਣਾ, ਨਾ ਹਾਸੇ ਨਾ ਖੁਸ਼ੀਆਂ,
ਨਾ ਜੀਣਾ ਹੀ ਭਾਏ, ਤਿਰੇ ਜਾਣ ਪਿੱਛੋਂ।

ਤਿਰੀ ਯਾਦ ਬਾਝੋਂ, ਕੁਈ ਹੋਰ ਕਿੱਦਾਂ,
ਮਿਰੇ ਦਿਲ 'ਤੇ ਛਾਏ, ਤਿਰੇ ਜਾਣ ਪਿੱਛੋਂ।

ਇਹ ਹੰਝੂ ਨਿਰੰਤਰ, ਵਹੀ ਜਾ ਰਹੇ ਨੇ,
ਨਜ਼ਰ ਘਟਦੀ ਜਾਏ, ਤਿਰੇ ਜਾਣ ਪਿੱਛੋਂ।

ਇਹੋ ਹੈ ਹਕ਼ੀਕ਼ਤ, ਹਕ਼ੀਕ਼ਤ ਇਹੋ ਹੈ,
ਮੈਂ ਜੋ ਕੁਝ ਕਿਹਾ ਏ, ਤਿਰੇ ਜਾਣ ਪਿੱਛੋਂ।

ਤਿਰਾ ਸਾਥ 'ਹਿਰਖੀ', ਨਸੀਬਾਂ 'ਚ ਕਿੱਥੇ ?
ਮੈਂ ਸਦਮੇਂ ਉਠਾਏ, ਤਿਰੇ ਜਾਣ ਪਿੱਛੋਂ।

*

ਜਦ ਮਹਿਰਮ ਘੁੰਡ ਚੁੱਕਣ ਲੱਗਾ।
ਦਿਲ ਧੜਕਣ , ਮੁਖ ਸੁੱਕਣ ਲੱਗਾ।

ਖ਼ਾਬ 'ਚ ਆਉਂਦਾ ਰਹਿੰਦਾ ਸੈਂ, ਪਰ
ਹੁਣ ਤੂੰ ਕਿਉਂ ਹੈਂ ਉੱਕਣ ਲੱਗਾ ?

ਬੇਤਰਤੀਬੀ , ਨਿਯਮ ਨਾ ਕੋਈ ,
ਰਬ ਇਉਂ ਹੈ ਹੁਣ ਚੁੱਕਣ ਲੱਗਾ !

ਭੁੱਖਣ - ਭਾਣਾ ਸੀ ਉਹ ਪੰਛੀ ,
ਕੱਚੇ - ਪੱਕੇ ਟੁੱਕਣ ਲੱਗਾ।

ਭੁੱਖੇ ਜੱਟ ਕਟੋਰਾ ਲੱਭੈ ,
ਮੋਢੇ 'ਤੋਂ ਦੀਂ ਥੁੱਕਣ ਲੱਗਾ।

ਘੁੱਟ ਕੁ ਪੀਤੀ , ਸਿਰ 'ਤੇ ਛਾਈ ,
ਬਾਹਰ ਗਲ਼ੀ ਵਿਚ ਬੁੱਕਣ ਲੱਗਾ।

ਬਲ਼ਦੀ ਉੱਤੇ ਤੇਲ ਵੀ ਪਾਉਂਦੈ ,
ਜ਼ਖ਼ਮੀਂ ਲੂਣ ਵੀ ਭੁੱਕਣ ਲੱਗਾ।

ਨੈਣੋਂ ਜੋਤਿ ਘਟੀ ਹੈ ਜਾਂਦੀ ,
ਤੇਲ ਦਮਾਂ ਦਾ ਮੁੱਕਣ ਲੱਗਾ।

ਆਸਾਂ ਦਾ ਦਰਿਆ ਵੀ 'ਹਿਰਖੀ',
ਦਿਨ-ਪਰ-ਦਿਨ ਹੁਣ ਸੁੱਕਣ ਲੱਗਾ।

*

ਥਕ ਗਿਆਂ , ਸ਼ਾਮ ਹੋਣ ਤੋਂ ਪਹਿਲਾਂ ।
ਰੁਕ ਗਿਆਂ , ਸ਼ਾਮ ਹੋਣ ਤੋਂ ਪਹਿਲਾਂ ।

ਸਾਕੀਆ ! ਤੂੰ ਬੁਰਾ ਮਨਾਈਂ ਨਾ ,
ਚੁਕ ਗਿਆਂ , ਸ਼ਾਮ ਹੋਣ ਤੋਂ ਪਹਿਲਾਂ ।

ਅਜ ਤਾਂ ਲੁਕਿਆ ਹੈ ਬਾਅਦ ਵਿਚ ਸੂਰਜ ,
ਲੁਕ ਗਿਆਂ , ਸ਼ਾਮ ਹੋਣ ਤੋਂ ਪਹਿਲਾਂ ।

ਫਿਕਰ ਡਾਹਡੇ ਕਬੀਲਦਾਰੀ ਦੇ ,
ਝੁਕ ਗਿਆਂ , ਸ਼ਾਮ ਹੋਣ ਤੋਂ ਪਹਿਲਾਂ ।

ਹਾਰ ਕੇ ਬੈਠਿਆਂ ਜ਼ਮਾਨੇ ਤੋਂ ,
ਅਕ ਗਿਆਂ , ਸ਼ਾਮ ਹੋਣ ਤੋਂ ਪਹਿਲਾਂ ।

ਮੈਂ ਜੋ ਵਿਸ਼ਵਾਸ ਕਰ ਲਿਆ ਉਸਤੇ ,
ਉਕ ਗਿਆਂ, ਸ਼ਾਮ ਹੋਣ ਤੋਂ ਪਹਿਲਾਂ ।

ਭਟਕਣਾ ਬਰਕਰਾਰ ਹੈ ਮਨ ਦੀ ,
ਚੁਕ ਗਿਆਂ , ਸ਼ਾਮ ਹੋਣ ਤੋਂ ਪਹਿਲਾਂ ।

ਉਮਰ ਭਰ ਦਾ ਉਡੀਕਦਾ ਉਸਨੂੰ ,
ਸੁਕ ਗਿਆਂ , ਸ਼ਾਮ ਹੋਣ ਤੋਂ ਪਹਿਲਾਂ ।

ਚਾਅ ਅਪਣੇ ਤਿਆਗ ਕੇ 'ਹਿਰਖੀ',
ਟਿਕ ਗਿਆਂ , ਸ਼ਾਮ ਹੋਣ ਤੋਂ ਪਹਿਲਾਂ ।

*

ਭਲਾ ਰੋਂਦੀ ਲੋਕਾਈ ਕਿਸ ਲਈ ਹੈ ?
ਜ਼ਰਾ ਸੋਚੋ ਦੁਹਾਈ ਕਿਸ ਲਈ ਹੈ ?

ਅਗਰ ਮਨ ਸਾਫ਼ ਹੈ , ਸੱਚਾ ਹੈ ਤਾਂ ਫਿਰ ,
ਸਫ਼ਾਈ - ਦਰ - ਸਫ਼ਾਈ ਕਿਸ ਲਈ ਹੈ ?

ਤੁਹਾਨੂੰ ਮੈਂ ਕਿਵੇਂ ਇਨਕਾਰ ਕਰਦਾ ?
ਮਗਰ ਮੈਨੂੰ ਪਿਲਾਈ ਕਿਸ ਲਈ ਹੈ ?

ਮਿਰੀ ਤਾਂ ਜਾਨ ਵੀ ਤੇਰੀ ਹੈ ਸਜਣਾ !
ਮਿਰੀ ਇਹ ਦੋਸਤਾਈ ਕਿਸ ਲਈ ਹੈ ?

ਤੁਹਾਨੂੰ ਮੈਂ ਦਗ਼ਾ ਦੇਊਂ ? ਨਾ ਮੁਮਕਿਨ !
ਭਲਾ ਹੁਣ ਤਕ ਨਿਭਾਈ ਕਿਸ ਲਈ ਹੈ ?

ਅਗਰ ਮੰਨੋ , ਭਲਾ ਹੋਊ ਤੁਹਾਡਾ ,
ਮਿਰੀ ਇਹ ਸਿਰ-ਖਪਾਈ ਕਿਸ ਲਈ ਹੈ ?

ਉਨ੍ਹੂੰ ਆਖੋ , ਚਲੀ ਜਾਏ ਹੁਣੇ ਹੀ ,
ਅਜੀ ! ਇਹ ਮੌਤ , ਆਈ ਕਿਸ ਲਈ ਹੈ ?

ਇਨ੍ਹਾਂ ਨੋਟਾਂ ਨੇ ਰਹਿ ਜਾਣਾ ਹੈ ਏਥੇ ,
ਤੁਸਾਂ ਨੇ ਲੁਟ ਮਚਾਈ ਕਿਸ ਲਈ ਹੈ ?

ਭਲੇ ਨੂੰ ਉਹ ਭਲਾ ਸਮਝਣ , ਨਹੀਂ ਤਾਂ ,
ਮਿਰੀ 'ਹਿਰਖੀ' ਭਲਾਈ ਕਿਸ ਲਈ ਹੈ ?

*

ਝਟ ਹੋਣ ਲਗਦੈ ਉਸ ਦਿਨ , ਮਨ ਫੇਰ ਉੱਤੇ - ਥੱਲੇ।
ਲੈਂਦੈ ਅਤੀਤ ਮੈਨੂੰ , ਜਦ ਘੇਰ ਉੱਤੇ - ਥੱਲੇ।

ਜਦ ਵਕ਼ਤ ਸੀ ਉਦੋਂ ਤੂੰ , ਸੁਣਦਾ ਸੈਂ ਕਦ ਕਿਸੇ ਦੀ ?
ਹੰਝੂ ਨਾ ਸੋਹਣਿਆਂ ਤੂੰ , ਹੁਣ ਕੇਰ ਉੱਤੇ - ਥੱਲੇ।

ਉਸਦਾ ਸ਼ਿਕਾਰ ਉਸਦੇ , ਨਿੱਕਲ਼ ਗਿਆ ਹੈ ਹੱਥੋਂ ,
ਹੁੰਦਾ ਹੈ ਤਰਲੋ - ਮੱਛੀ , ਹੁਣ ਸ਼ੇਰ ਉੱਤੇ - ਥੱਲੇ।

ਮਚਦੀ ਪਈ ਜਵਾਨੀ , ਉਸਤੇ ਹੈ ਹੁਸਨ ਏਨਾ ,
ਪਾਉਂਦਾ ਹੈ ਮਹਿਫ਼ਿਲਾਂ ਵਿਚ , ਉਹ ਨੇਰ੍ਹ ਉੱਤੇ - ਥੱਲੇ।

ਇੱਕ ਬਾਅਦ ਬੋਲਣਾ ਹੈ , ਜੇ ਝੂਠ ਤੂੰ ਹਮੇਸ਼ਾ ,
ਕੀ ਫ਼ਰਕ ਪੈਣ ਲੱਗੈ , ਜੇ ਸੇਰ ਉੱਤੇ - ਥੱਲੇ।

ਮਿੱਟੀ ਨੂੰ ਕਰ ਸਲਾਮਾਂ , ਰੱਖੀਂ ਤੂੰ ਯਾਦ ਇਹ ਵੀ ,
ਹੋਣਾ ਹੈ ਅੰਤ ਵੇਲ਼ੇ , ਇੱਕ ਢੇਰ ਉੱਤੇ - ਥੱਲੇ।

ਮਾਲ਼ਾ ਦੇ ਮਣਕਿਆਂ ਵਿਚ , ਏਦਾਂ ਉਲਝ ਨਾ 'ਹਿਰਖੀ',
ਕਰਦੈਂ ਅਗਰ ਦਿਖਾਵਾ , ਤਾਂ ਫੇਰ ਉੱਤੇ - ਥੱਲੇ।

*

ਮੈਂ ਤਿਰੇ ਤੋਂ ਡਰਾਂ , ਭਲਾ ਕਾਹਤੋਂ ?
ਐ ਖ਼ੁਦਾ ! ਇਉਂ ਕਰਾਂ, ਭਲਾ ਕਾਹਤੋਂ ?

ਲੋਕ ਰੁੱਖੇ , ਵਫ਼ਾ ਵਿਹੂਣੇ ਵੀ ,
ਇਉਂ ਹੈ ਤੇਰੇ ਗਰਾਂ , ਭਲਾ ਕਾਹਤੋਂ ?

ਜਿੱਤ ਦੀ ਆਸ ਹੈ , ਲੜਾਂਗਾ ਮੈਂ ,
ਬਿਨ ਲੜੇ ਹੀ ਹਰਾਂ , ਭਲਾ ਕਾਹਤੋਂ ?

ਤੂੰ ਤਾਂ ਮੇਰੀ ਕਹੀ ਨਹੀਂ ਜਰਦਾ ,
ਤੂੰ ਕਹੇਂ ਮੈਂ ਜਰਾਂ , ਭਲਾ ਕਾਹਤੋਂ ?

ਕੀ ਕਮੀਂ ਰਹਿ ਗਈ , ਕੁਈ ਦੱਸੇ ,
ਘਰ 'ਚ ਹੀ ਬੇਘਰਾਂ , ਭਲਾ ਕਾਹਤੋਂ ?

ਹੋ ਰਿਹੈ ਜੋ ਕਿਆਸ ਤੋਂ ਮਾੜਾ ,
ਹੋ ਰਿਹੈ ਇਸ ਤਰ੍ਹਾਂ , ਭਲਾ ਕਾਹਤੋਂ ?

ਆਉਣ ਦੇਵੇਂ ਨਾ ਜਾਣ ਦੇਵੇਂ ਤੂੰ ,
ਨਾ ਉਰ੍ਹਾਂ ਨਾ ਪਰ੍ਹਾਂ , ਭਲਾ ਕਾਹਤੋਂ ?

ਸ਼ਹਿਰ ਤੇਰੇ 'ਚ ਲੋਕ ਤੇਰੇ ਨੇ ,
ਸਿਰਫ਼ ਮੈਂ ਓਪਰਾਂ , ਭਲਾ ਕਾਹਤੋਂ ?

ਨਈਂ ਗ਼ੁਜ਼ਾਰਾ ਉਦ੍ਹੇ ਬਿਨਾ 'ਹਿਰਖੀ',
ਮੈਂ ਉਦ੍ਹੇ ਗੋਚਰਾਂ , ਭਲਾ ਕਾਹਤੋਂ ?

*

ਖ਼ਾਬੀਂ-ਖ਼ਾਬੀਂ ਮਿਰੇ ਹੋ ਗਏ ਨੇ।
ਇਸ਼ਕ ਦੇ ਪਲ ਖ਼ਰੇ ਹੋ ਗਏ ਨੇ।

ਦਿਲ, ਜਿਗਰ, ਜਾਨ ਤੇ ਨੀਂਦ ਮੇਰੀ,
ਸਭ ਉਦ੍ਹੇ ਗੋਚਰੇ ਹੋ ਗਏ ਨੇ।

ਹਰ ਕਿਸੇ ਨੂੰ ਸਣਾਉਂਦੇ ਨੇ ਗੱਲਾਂ,
ਉਹ ਬੜੇ ਮਸ਼ਕਰੇ ਹੋ ਗਏ ਨੇ।

ਰਿਸ਼ਤਿਆਂ ਵਿਚ ਨਹੀਂ ਪਿਆਰ ਬਚਿਆ,
ਮਨ ਤਦੇ ਕਿਰਕਿਰੇ ਹੋ ਗਏ ਨੇ।

ਆ ਪਈ ਜਦ ਮਿਰੇ 'ਤੇ ਮੁਸੀਬਤ,
ਯਾਰ ਸਭ ਹੋਦਰੇ ਹੋ ਗਏ ਨੇ।

ਅਜ ਵੀ ਹੈ ਮਹਿਕਦਾ ਕੋਨਾ - ਕੋਨਾ,
ਉਹ ਜਦੋਂ ਦੇ ਘਰੇ ਹੋ ਗਏ ਨੇ।

ਤੂੰ ਕਿਸੇ ਦਾ ਵੀ ਭਾਵੇਂ ਨਾ ਹੋਇਆ,
ਸਿਰਫਿਰੇ, ਸਭ ਤਿਰੇ ਹੋ ਗਏ ਨੇ।

ਯਾਦ ਆਈ ਜਦੋਂ ਫੇਰ ਉਸਦੀ,
ਜ਼ਖ਼ਮ ਦਿਲ ਦੇ ਹਰੇ ਹੋ ਗਏ ਨੇ।

ਹਿਜਰ ਤੇਰੇ 'ਚ 'ਹਿਰਖੀ' ਹੁਰੀਂ ਤਾਂ,
ਦੇਖ ਲੈ! ਬਾਵਰੇ ਹੋ ਗਏ ਨੇ।

*

ਹੋਈ ਹੈ ਲਾਰਿਆਂ ਦੀ, ਭਰਮਾਰ ਹੌਲ਼ੀ – ਹੌਲ਼ੀ।
ਉਠਦਾ ਗਿਆ ਹੈ ਉਸਤੋਂ, ਇਤਬਾਰ ਹੌਲ਼ੀ – ਹੌਲ਼ੀ।

ਬੇੜੀ ਬਿਠਾ ਰਹੇ ਨੇ, ਪਤਵਾਰ ਹੌਲ਼ੀ – ਹੌਲ਼ੀ।
ਨਿੱਘਰਦਾ ਜਾ ਰਿਹਾ ਹੈ, ਸੰਸਾਰ ਹੌਲ਼ੀ – ਹੌਲ਼ੀ।

ਜੇਕਰ ਰਹੀ ਇਵੇਂ ਹੀ, ਰਫ਼ਤਾਰ ਹੌਲ਼ੀ – ਹੌਲ਼ੀ।
ਹੋਏਗਾ ਫੇਰ ਜੀਣਾ, ਦੁਸ਼ਵਾਰ ਹੌਲ਼ੀ – ਹੌਲ਼ੀ।

ਉਹਨਾਂ ਦਾ ਝੂਠ ਵੀ ਹੁਣ, ਲਗਦਾ ਹੈ ਸਚ ਬਰਾਬਰ,
ਏਨਾ ਕੁ ਹੋ ਗਿਆ ਹੈ, ਪਰਚਾਰ ਹੌਲ਼ੀ – ਹੌਲ਼ੀ।

ਰਹਿ – ਰਹਿ ਕੇ ਹੈ ਉਮੜਦੀ, ਮੇਰੇ ਲਈ ਮੁਹੱਬਤ,
ਦਿਲਦਾਰੀਆਂ ਹੈ ਕਰਦਾ, ਦਿਲਦਾਰ ਹੌਲ਼ੀ – ਹੌਲ਼ੀ।

ਵਧਦੀ ਰਹੀ ਦਿਨੋ – ਦਿਨ, ਮੇਰੀ ਵੀ ਸਹਿਣ – ਸ਼ਕਤੀ,
ਕਰਦਾ ਹੈ ਲੁਕ – ਲੁਕਾ ਕੇ, ਉਹ ਵਾਰ ਹੌਲ਼ੀ – ਹੌਲ਼ੀ।

ਇੱਕੋ ਹੀ ਵਾਰ ਕਰਕੇ, ਚੰਗਾ ਸੀ ਪਾਰ ਕਰਦੇ,
ਕਾਹਤੋਂ ਚਲਾ ਰਹੇ ਹੋ, ਤਲਵਾਰ ਹੌਲ਼ੀ – ਹੌਲ਼ੀ।

ਖ਼ੁਸਬੂ ਜੋ ਆ ਰਹੀ ਹੈ, ਲਗਦੈ ਉਹ ਆ ਰਹੇ ਨੇ,
ਸੁਣਦੀ ਹੈ ਝਾਂਜਰਾਂ ਦੀ, ਛਣਕਾਰ ਹੌਲ਼ੀ – ਹੌਲ਼ੀ।

ਦੁਨੀਆ 'ਚ ਚਿਰ – ਸਥਾਈ, ਕੁਝ ਵੀ ਨਹੀਂ ਹੈ 'ਹਿਰਖੀ',
ਲੱਗੇਗੀ ਇਹ ਤੁਹਾਨੂੰ, ਬੇਕਾਰ ਹੌਲ਼ੀ – ਹੌਲ਼ੀ।

*

ਖ਼ੁਦਾ ਦੀ ਰਹਿਮਤ ਜਨਾਬ ਉੱਤੇ।
ਹੈ ਲੋੜੋਂ ਵਧਕੇ ਸ਼ਬਾਬ ਉੱਤੇ।

ਕਮਾ ਕਮਾ ਕੇ, ਲੁਟਾ ਗਿਆ ਉਹ,
ਸ਼ਰਾਬ ਉੱਤੇ, ਸ਼ਬਾਬ ਉੱਤੇ।

ਅਗਰ ਨਾ ਠਿਲਦੀ, ਝਨਾਂ 'ਚ ਸੋਹਣੀ,
ਨਾ ਦੋਸ਼ ਆਉਂਦਾ, ਚਨਾਬ ਉੱਤੇ।

ਦਵਾ ਨਾ ਉਸਤੇ, ਅਸਰ ਕਰੇ ਹੁਣ,
ਹੈ ਜ਼ਰਦ ਚਿਹਰਾ, ਨਾ ਆਬ ਉੱਤੇ।

ਇਹ ਚਾਪਲੂਸੀ, ਤੇ ਇਹ ਖ਼ੁਸ਼ਾਮਦ,
ਬੁਰੀ ਹੈ, ਮੇਰੇ ਹਿਸਾਬ ਉੱਤੇ।

ਜੋ ਕਰਮ ਕਰਦੈਂ ਛੁਪਾ ਕੇ ਸਭ ਤੋਂ,
ਕਿਵੇਂ ਦਵੇਂਗਾ ਹਿਸਾਬ ਉੱਤੇ ?

ਚੁਰਾ ਕੇ ਦਿਲ, ਹੋਰ ਨਾ ਸਿਤਮ ਕਰ,
ਉਠਾ ਦੇ ਮੁਖ ਤੋਂ ਨਕਾਬ ਉੱਤੇ।

ਖ਼ੁਦਾ ਨੇ ਬਖ਼ਸ਼ੀ ਉਨੂੰ ਨਜ਼ਾਕਤ,
ਤਾਂ ਨੂਰ ਏਨੈਂ ਸ਼ਬਾਬ ਉੱਤੇ।

ਕਿਉਂ ਉਗ ਪਈ ਈਰਖਾ ਦੀ ਬੂਟੀ,
'ਅਜੀਤ'! ਮਨ ਦੇ ਤਲਾਬ ਉੱਤੇ ?

*

ਤਿੱਖੀ ਤੇਜ਼ ਕਟਾਰੀ ਦੁਨੀਆ।
ਨਾਲ਼ੇ ਹੈ ਦੋ – ਧਾਰੀ ਦੁਨੀਆ।

ਦਿਲ ਦੀ ਖ਼ੂਬ ਨਿਆਰੀ ਦੁਨੀਆ।
ਸਭ ਨੂੰ ਅਪਣੀ ਪਿਆਰੀ ਦੁਨੀਆ।

ਮੇਰੀ ਧਿਰ ਹੈ ਮੇਰਾ ਮਹਿਰਮ,
ਦੂਜੀ ਧਿਰ ਹੈ ਸਾਰੀ ਦੁਨੀਆ।

ਮਾੜੀ ਵੀ ਲਗਦੀ ਹੈ ਚੰਗੀ,
ਜਿੱਦਾਂ ਪਾਨ ਸੁਪਾਰੀ ਦੁਨੀਆ।

ਤਨ ਮਨ ਅੰਦਰ ਪਲ਼ਦੀ ਹਉਮੈਂ,
ਫਿਰਦੀ ਹੈ ਹੰਕਾਰੀ ਦੁਨੀਆ।

ਪੂਰੀ ਨਾਲ਼ੋਂ ਅੱਧੀ ਚੰਗੀ,
ਕੁਝ ਮਿੱਠੀ ਕੁਝ ਖਾਰੀ ਦੁਨੀਆ।

ਤੀਰ ਚਲਾ ਕੇ ਉਸਨੇ ਨੈਣੋਂ,
ਕਿੰਨੀ ਪਾਰ ਉਤਾਰੀ ਦੁਨੀਆ।

ਝੱਖੜ, ਬਾਰਸ਼, ਧੁੱਪਾਂ ਸਹਿ ਕੇ,
ਆਪਾਂ ਇੰਜ ਉਸਾਰੀ ਦੁਨੀਆ।

ਇਸ ਤੋਂ ਜਾਣ ਜੋ ਉਲਟੇ 'ਹਿਰਖੀ',
ਕਰਦੀ ਫ਼ਤਵੇ ਜਾਰੀ ਦੁਨੀਆ।

*

ਹਰ ਜਗ੍ਹਾ , ਅੰਗ – ਸੰਗ ਰਹਿੰਦਾ ਹੈ ।
ਉਹ ਖ਼ੁਦਾ , ਅੰਗ – ਸੰਗ ਰਹਿੰਦਾ ਹੈ ।

ਭਾਲ਼ਦਾ ਮੈਂ ਰਿਹਾ ਉਨ੍ਹੂੰ ਥਾਂ – ਥਾਂ ,
ਜੋ ਸਦਾ , ਅੰਗ – ਸੰਗ ਰਹਿੰਦਾ ਹੈ ।

ਰੋਗ ਦਿਲ ਦਾ ਤਾਂ ਹੋ ਗਿਐ ਪੱਕਾ ,
ਲਾ – ਦਵਾ , ਅੰਗ – ਸੰਗ ਰਹਿੰਦਾ ਹੈ ।

ਹੈ ਤਾਂ ਅਸਚਰਜ , ਪਰ ਹੈ ਗਲ ਸੱਚੀ ,
ਬੇਵਫ਼ਾ , ਅੰਗ – ਸੰਗ ਰਹਿੰਦਾ ਹੈ ।

ਹੋਰ ਕਿਸਦਾ ਮੈਂ ਆਸਰਾ ਤੱਕਾਂ ?
ਜਦ ਖ਼ੁਦਾ , ਅੰਗ – ਸੰਗ ਰਹਿੰਦਾ ਹੈ ।

ਰਬ ਨੂੰ ਲੋਕੀ ਅਜੇ ਨਹੀਂ ਮੰਨਦੇ ,
ਵਾਕਿਆ , ਅੰਗ – ਸੰਗ ਰਹਿੰਦਾ ਹੈ ?

ਸੁਝਦੀਐਂ ਕਿਉਂ ਸ਼ਰਾਰਤਾਂ ਉਸਨੂੰ ?
ਮਨਚਲਾ , ਅੰਗ – ਸੰਗ ਰਹਿੰਦਾ ਹੈ ।

ਨੀਂਦ ਖੁੱਲ੍ਹੀ , ਤਾਂ ਹੋ ਗਿਆ ਚਾਨਣ ,
ਦੇਖਿਆ , ਅੰਗ – ਸੰਗ ਰਹਿੰਦਾ ਹੈ ।

ਕੁਝ ਨਾ ਬੋਲੇ ਬੁਲਾਉਣ 'ਤੇ 'ਹਿਰਖੀ',
ਚੁਪ ਜਿਹਾ , ਅੰਗ – ਸੰਗ ਰਹਿੰਦਾ ਹੈ ।

*

ਛਡ ਆਇਆ ਹਾਂ ਬਚਪਨ ਕਿੱਥੇ ?
ਰੁ਼ਲਦਾ ਫਿਰਦੈ ਤਨ-ਮਨ ਕਿੱਥੇ ?

ਮੁੱਦਤ ਹੋਈ ਗ਼ਾਇਬ ਹੋਇਆਂ,
ਅਜਕਲ ਹੈ ਅਪਣਾਪਨ ਕਿੱਥੇ ?

ਹਿਜਰ 'ਚ ਹੈ ਮੁਰਝਾਇਆ ਰਹਿੰਦਾ,
ਟਹਿਕੇ ਮੁਖ ਦਾ ਉਪਬਨ ਕਿੱਥੇ ?

ਕੰਮ ਕਰੇ ਜੋ ਪਿਆਰ-ਮੁਹੱਬਤ,
ਉਹ ਕਰ ਸਕਦਾ ਹੈ ਧਨ ਕਿੱਥੇ ?

ਬਣ-ਬਣ ਕੇ ਜੋ ਬਹਿੰਦੇ ਨੇ ਹੁਣ,
ਔਖੇ ਵੇਲੇ ਉਹ ਸਨ ਕਿੱਥੇ ?

ਚਾਅ - ਮਲ੍ਹਾਰ - ਪੰਘੂੜੇ, ਪਾਪਾ !
ਮੇਰੇ ਹਿੱਸੇ ਦੇ ਹਨ ਕਿੱਥੇ ?

ਕੈਸੀ ਭਟਕਣ ਹੈ ਇਹ 'ਹਿਰਖੀ',
ਜਿਸ ਥਾਂ ਤਨ, ਉਸ ਥਾਂ ਮਨ ਕਿੱਥੇ ?

*

ਜਿਵੇਂ ਚੋਟ 'ਤੇ ਚੋਟ ਲਾਈ ਗਈ।
ਤਿਵੇਂ ਹੋਸ਼ – ਦਰ – ਹੋਸ਼ ਆਈ ਗਈ।

ਜਿਗਰ , ਜਿਸਮ , ਦਿਲ , ਜਾਨ , ਘਰ–ਬਾਰ ਤਕ ,
ਹਰਿਕ ਸ਼ੈਅ ਉਦ੍ਹੇ ਨਾਂ ਲਗਾਈ ਗਈ।

ਮੈਂ ਖ਼ਾਬਾਂ ਦੀ ਦੁਨੀਆ 'ਚ ਉੜਦਾ ਰਿਹਾ ,
ਮਿਰੀ ਸੋਚ ਮੈਨੂੰ ਉੜਾਈ ਗਈ।

ਨਵੇਂ ਦਿਨ ਮੁਸੀਬਤ ਨਵੀਂ ਦੇਖ ਕੇ ,
ਮਿਰੀ ਜ਼ਿੰਦਗੀ ਮੁਸਕਰਾਈ ਗਈ।

ਅਸੀਂ ਹਾਂ ਉਪਾਸ਼ਕ ਬਣੇ ਝੂਠ ਦੇ ,
ਜ਼ਮਾਨੇ 'ਚੋਂ ਕਿੱਥੇ ਸਚਾਈ ਗਈ ?

ਉਨ੍ਹੇ ਭੇਤ ਦਿਲ ਦੇ ਲੁਕਾਏ , ਮਗਰ
ਨਹੀਂ ਪੀੜ ਦਿਲ ਦੀ ਲੁਕਾਈ ਗਈ।

ਬੜੇ ਦੁਖ ਸਹਾਰੇ ਮੈਂ ਹਿਰਖੀ', ਮਗਰ
ਸਹਾਰੀ ਨਾ ਤੇਰੀ ਜੁਦਾਈ ਗਈ।

*

ਮੈਂ ਤਾਂ ਸਭ ਸਚਿਆਈਆਂ ਲਿਖੀਆਂ।
ਜੋ ਮਨ ਨੇ ਲਿਖਵਾਈਆਂ ਲਿਖੀਆਂ।

ਉਲਫ਼ਤ ਦੇ ਮੈਂ ਲਿਖੇ ਸੁਨੇਹੇ,
ਉਸਨੇ ਹੀ ਤਲਖ਼ਾਈਆਂ ਲਿਖੀਆਂ।

ਚੜ੍ਹਦੀ ਉਮਰੇ ਸਿਰਜੇ ਸੂਰਜ,
ਉਮਰ ਢਲ਼ੀ ਪਰਛਾਈਆਂ ਲਿਖੀਆਂ।

ਜਦ ਤੋਂ ਮਨ ਮੁਰਝਾਇਆ, ਤਦ ਤੋਂ
ਸਧਰਾਂ ਜੋ ਦਫ਼ਨਾਈਆਂ ਲਿਖੀਆਂ।

ਭੌਰੇ ਆਕੜ - ਖੋਰੇ ਕਿਉਂ ਨੇ ?
ਕਲੀਆਂ ਕਿਉਂ ਮੁਰਝਾਈਆਂ ਲਿਖੀਆਂ।

ਵੈਦ ਰਿਪੋਟਾਂ ਪੜ੍ਹ ਕੇ ਦੱਸੇ,
ਨਾੜਾਂ ਵਿਚ ਥੰਧਿਆਈਆਂ ਲਿਖੀਆਂ।

‘ ਆਰਾਮ ਦਵੇਗਾ ਉੱਪਰ ਵਾਲ਼ਾ ’,
ਵੈਦ ਨੇ ਆਖ ਦਵਾਈਆਂ ਲਿਖੀਆਂ।

ਲੰਮੀਆਂ ਰਾਤਾਂ, ਦਿਨ ਵੀ ਲੰਮੇਂ,
ਨਾਲ਼ੋ - ਨਾਲ਼ ਜੁਦਾਈਆਂ ਲਿਖੀਆਂ।

ਫ਼ੇਲੁਨ - ਫ਼ੇਲੁਨ ਕਰਕੇ ‘ਹਿਰਖੀ’,
ਗੱਲਾਂ ਸਹਿਜ - ਸੁਭਾਈਆਂ ਲਿਖੀਆਂ।

*

ਅਪਣੀ ਕ਼ਦਰ ਘਟਾ ਨਈਂ ਹੋਣੀ ਸਾਡੇ ਤੋਂ।
ਯਾਰ ! ਜ਼ਮੀਰ ਗੁਆ ਨਈਂ ਹੋਣੀ ਸਾਡੇ ਤੋਂ।

ਕਟਦੀ ਹੈ ਤਾਂ ਕਟ ਜਾਵੇ ਲਖ ਵਾਰੀ, ਪਰ
ਗਰਦਨ ਯਾਰ ਝੁਕਾ ਨਈਂ ਹੋਣੀ ਸਾਡੇ ਤੋਂ।

ਨਫ਼ਰਤ ਦੀ ਅਗ ਲਗਦੇ ਸਾਰ ਬੁਝਾ ਦੇਵੋ,
ਭੜਕੀ ਫੇਰ ਬੁਝਾ ਨਈਂ ਹੋਣੀ ਸਾਡੇ ਤੋਂ।

ਤਨ ਦੀ ਭੁਖ ਤਾਂ ਮਿਟ ਜਾਂਦੀ ਹੈ ਸੌਖੇ ਹੀ,
ਰੂਹ ਦੀ ਭੁੱਖ ਮਿਟਾ ਨਈਂ ਹੋਣੀ ਸਾਡੇ ਤੋਂ।

ਹਰ ਵੇਲ਼ੇ ਜੋ ਦਿਲ ਦੇ ਅੰਦਰ ਰਹਿੰਦੀ ਹੈ,
ਉਹ ਤਸਵੀਰ ਭੁਲਾ ਨਈਂ ਹੋਣੀ ਸਾਡੇ ਤੋਂ।

ਦੂਰ ਗਿਆ ਤਾਂ, ਦੇਖ ਲਵੀਂ ਮਰ ਜਾਵਾਂਗੇ,
ਕੱਲਿਆਂ ਉਮਰ ਬਿਤਾ ਨਈਂ ਹੋਣੀ ਸਾਡੇ ਤੋਂ।

ਕ਼ੀਮਤ ਕੁਝ ਵੀ ਹੋਵੇ ਕਾਇਮ ਰਖਣੀ ਹੈ,
ਅਪਣੀ ਹੋਂਦ ਮਿਟਾ ਨਈਂ ਹੋਣੀ ਸਾਡੇ ਤੋਂ।

ਮੂਰਖ ਨੂੰ ਮੂੰਹ ਲਾਉਣਾ ਵੀ ਹੈ ਮੂਰਖਤਾ,
'ਹਿਰਖੀ' ਮੂਰਖਤਾ ਨਈਂ ਹੋਣੀ ਸਾਡੇ ਤੋਂ।

ਗ਼ੈਰਤ ਮਰ ਗਈ ਜੇਕਰ ਅਪਣੀ ਐ 'ਹਿਰਖੀ',
ਅਪਣੀ ਲਾਸ਼ ਉਠਾ ਨਈਂ ਹੋਣੀ ਸਾਡੇ ਤੋਂ।

*

ਕਰਦਾ ਰਿਹਾ ਮੈਂ ਉਸਤੇ , ਇਤਬਾਰ ਔਖਾ-ਸੌਖਾ ।
ਸੁਣਦਾ ਰਿਹਾ ਹਾਂ ਉਸਦੇ , ਇਕਰਾਰ ਔਖਾ-ਸੌਖਾ ।

ਬਰਬਾਦ ਵਕ਼ਤ ਕੀਤਾ , ਫਿਰ ਵੀ ਨਹੀਂ ਨਿਭਾਈ ,
ਕਰਦਾ ਉਹ ਸੂਮ ਬਣਕੇ , ਇਨਕਾਰ ਔਖਾ-ਸੌਖਾ ।

ਮੇਰੇ ਤੋਂ ਵਧਕੇ ਉਸਦੀ , ਦੇਖੀ ਰੁਚੀ ਉਨ੍ਹਾਂ ਵਿਚ ,
ਮੈਂ ਵੀ ਰਿਹਾ ਲਿਆਉਂਦਾ , ਉਪਹਾਰ ਔਖਾ-ਸੌਖਾ ।

ਦਿਲ 'ਤੇ ਸਦਾ ਸਹਾਰੀ , ਉਸਦੀ ਜ਼ਿਆਦਤੀ ਮੈਂ ,
ਹੁਣ ਤਕ ਰਿਹਾ ਉਠਾਉਂਦਾ , ਇਹ ਭਾਰ ਔਖਾ-ਸੌਖਾ ।

ਲੋਕਾਂ ਦੀ ਚੁਕ 'ਚ ਆ ਕੇ , ਫਿਰਦਾ ਹੈ ਦੂਰ ਮੈਥੋਂ ,
ਹੁੰਦਾ ਪਿਆ ਹੈ ਐਵੇਂ , ਦਿਲਦਾਰ ਔਖਾ-ਸੌਖਾ ।

ਛਡ ਕੇ ਤਮਾਮ ਅੜੀਆਂ , ਹਿਜਰਾਂ ਦੀ ਕੰਧ ਢਾਅ ਦੇ ,
ਤਪਦਾ ਪਿਆ ਹੈ ਸੀਨਾ , ਤੂੰ ਠਾਰ ਔਖਾ-ਸੌਖਾ ।

ਉਸਦਾ ਮਿਲਾਪ ਹੋਣਾ , ਬਿਲਕੁਲ ਨਹੀਂ ਅਸੰਭਵ ,
ਇਕ ਵਾਰ ਮਨ 'ਚ ਉਸਦਾ , ਨਾਂ ਧਾਰ ਔਖਾ-ਸੌਖਾ ।

ਮਾਇਆ ਦੇ ਜਾਲ਼ ਵਿੱਚੋਂ , ਹੋਣੈ ਜੇ ਮੁਕਤ 'ਹਿਰਖੀ',
ਦੁਨੀਆ ਦੇ ਰੰਗਾਂ ਵੱਲੋਂ , ਮਨ ਮਾਰ ਔਖਾ-ਸੌਖਾ ।

'ਹਿਰਖੀ' ਦੀ ਸੁਣਕੇ ਰਬ ਜੀ , ਗੰਭੀਰ ਹੋ ਕੇ ਬੋਲੇ ,
ਥੋੜ੍ਹਾ ਕੁ ਚਿਰ ਇਵੇਂ ਹੀ , ਤੂੰ ਸਾਰ ਔਖਾ-ਸੌਖਾ ।

*

ਕਾਸ਼! ਕਿ ਆਵਣ ਉਹ ਪਲ ਮੁੜਕੇ।
ਬਾਹਾਂ ਵਿਚ ਆਵੇ ਬਲ ਮੁੜਕੇ।

ਨੈਣ ਮਿਰੇ ਨੇ ਜਲ-ਥਲ ਮੁੜਕੇ।
ਹੋਇਐ ਅੱਖੋਂ ਓਝਲ ਮੁੜਕੇ।

ਕਿਸਦੀ ਯਾਦ ਹੈ ਮੁੜਕੇ ਆਈ ?
ਹੋਈ ਹੈ ਜੋ ਹਲ - ਚਲ ਮੁੜਕੇ।

ਹਿਜਰ 'ਚ ਆਸ ਮਿਲਣ ਦੀ ਪਾਲ਼ੀ ,
ਵਸਲ 'ਚ ਹੋਇਆਂ ਪਾਗਲ ਮੁੜਕੇ।

ਤੇਰੇ ਬਾਝੋਂ ਕਾਹਦਾ ਜੀਣਾ ?
ਜੀਵਨ ਲੱਗੇ ਬੋਝਲ ਮੁੜਕੇ।

ਰੰਗ ਘੁਲ਼ੇ ਨੇ ਦਿਲ ਦੇ ਅੰਦਰ ,
ਦਿਸਿਐ ਉਸਦਾ ਆਂਚਲ ਮੁੜਕੇ।

ਹਿਜਰ ਦੇ ਝਟਕੇ ਲੱਗੀ ਗਏ ਤਾਂ ,
ਦਿਲ ਕਦ ਹੋਊ ਸਮਤਲ ਮੁੜਕੇ ?

ਦਰਦ ਦਾ ਬੁੱਲਾ ਉਠਦੈ ਦਿਲ 'ਚੋਂ ,
ਝੱਲਾਂ ਪੀੜ ਮੁਸਲਸਲ ਮੁੜਕੇ।

ਤੀਰਥ ਨ੍ਹਾ ਕੇ ਮੁੜਿਐ 'ਹਿਰਖੀ',
ਹੋਇਆ ਲਗਦੈ ਨਿਰਮਲ ਮੁੜਕੇ।

*

ਦਰਦ ਦੀ ਦਾਸਤਾਂ, ਕਹਿੰਦੇ - ਕਹਿੰਦੇ।
ਜੀਂਦਿਆਂ ਮਰ ਗਿਆਂ, ਕਹਿੰਦੇ - ਕਹਿੰਦੇ।

ਹੋਰ ਕਿੱਦਾਂ ਕਹਾਂ ਦਾਸਤਾਂ ਮੈਂ ?
ਥਕ ਗਈ ਹੈ ਜ਼ੁਬਾਂ, ਕਹਿੰਦੇ - ਕਹਿੰਦੇ।

ਝੂਠ ਨੂੰ ਝੂਠ, ਸਚ ਨੂੰ ਕਹਾਂ ਸਚ,
ਮੈਂ ਰਹਾਂ ਨਾ ਰਹਾਂ, ਕਹਿੰਦੇ - ਕਹਿੰਦੇ।

ਜੇ ਕਦੀ ਕੁਝ ਬੁਰਾ ਮੈਂ ਕਹਾਂ ਤਾਂ,
ਝਟ ਸੜੇ ਇਹ ਜ਼ੁਬਾਂ, ਕਹਿੰਦੇ - ਕਹਿੰਦੇ।

ਪੈਰ ਅਪਣੇ ਮੈਂ ਫਿਰ ਵੀ ਪਸਾਰਾਂ,
' ਜਗਤ ਹੈ ਇਕ ਸਰਾਂ ', ਕਹਿੰਦੇ - ਕਹਿੰਦੇ।

ਦੀਦ ਦੀ ਲਾਲਸਾ ਰਹਿ ਗਈ ਹੈ,
ਉਮਰ ਭਰ ਤਰਸਿਆਂ, ਕਹਿੰਦੇ - ਕਹਿੰਦੇ।

ਆਖਰੀ ਵਕ਼ਤ ਨਜ਼ਦੀਕ ਹੈ ਹੁਣ,
ਰਾਤ ਭਰ ਜਾਗਿਆਂ, ਕਹਿੰਦੇ - ਕਹਿੰਦੇ।

ਜਦ ਸੁਣਾਵਾਂ ਗ਼ਜ਼ਲ, ਤਾਂ ਮੈਂ ਸਭ ਨੂੰ,
ਨਾਲ਼ ਹੀ ਲੈ ਤੁਰਾਂ, ਕਹਿੰਦੇ - ਕਹਿੰਦੇ।

ਮਨ 'ਚ ਆਇਆ, ਰਿਹਾ ਮਨ 'ਚ 'ਹਿਰਖੀ',
ਹੋ ਨਾ ਸਕਿਆ ਬਿਆਂ, ਕਹਿੰਦੇ - ਕਹਿੰਦੇ।

*

ਮਿਨਤਾਂ ਤਰਲੇ ਕਰਵਾ ਕੇ ਦਾਣੇ ਭੁੰਨੇ।
ਕੰਮ ਨਾ ਆਏ ਜਦ ਅੱਧੋਰਾਣੇ ਭੁੰਨੇ।

ਗ਼ਲ਼ ਵਿਚ ਗੂਠਾ ਦੇ ਕੇ ਆਖਣ ਪੇਸ਼ ਕਰੋ,
ਜਦ ਨਾ ਗੱਲ ਬਣੀ ਤਾਂ ਫੇਰ ਸਿਆਣੇ ਭੁੰਨੇ।

ਕੁਝ ਤਾਂ ਪਾਰ ਉਤਾਰੇ ਝੂਠੇ ਭੇੜ 'ਚ, ਪਰ
ਜੋ ਬਚਦੇ ਸਨ ਉਹ ਜਾ ਕੇ ਥਾਣੇ ਭੁੰਨੇ।

ਜਿਹੜੇ ਬਚ ਨਿਕਲੇ ਸਨ ਸ਼ਹਿਰ ਜਲੰਧਰ 'ਚੋਂ,
ਘੇਰ ਲਏ ਉਹ ਜਾ ਕੇ ਲੁਧਿਆਣੇ ਭੁੰਨੇ।

ਮਾੜੇ ਉੱਤੇ ਜ਼ੋਰ ਹੈ ਚਲਦਾ ਹਰ ਇਕ ਦਾ,
ਉਡਵਾਇਰ ਨੇ ਸਨ ਲੋਕ ਨਿਤਾਣੇ ਭੁੰਨੇ।

ਰਿਸ਼ਵਤ ਦੇ ਕੇ ਠੇਕਾ ਲਿਆ ਕਰੋੜਾਂ ਦਾ,
ਉਸਨੇ ਸੀ ਅਫ਼ਸਰ ਕਰਕੇ ਕਾਣੇ ਭੁੰਨੇ।

ਰੱਜੇ ਪੁੱਜੇ ਛਡ ਦਿੱਤੇ ਲੁੱਟਣ ਪਿੱਛੋਂ,
'ਹਿਰਖੀ' ਵਰਗੇ ਪਰ ਕੁੱਖਣਭਾਣੇ ਭੁੰਨੇ।

*

ਇਸ ਤਰ੍ਹਾਂ ਤੈਨੂੰ ਨਹੀਂ ਘਰ ਜਾਣ ਦੇਣਾ।
ਨਾ ਅਜਾਈਂ ਮੌਤ ਹੀ ਮਰ ਜਾਣ ਦੇਣਾ।

ਦਰਦ ਬਹੁਤਾ ਨਾ ਦਬਾਈਂ ਦਿਲ 'ਚ ਅਪਣੇ,
ਏਸ ਨੂੰ ਨਾ ਦਿਲ 'ਚ ਘਰ ਕਰ ਜਾਣ ਦੇਣਾ।

ਬੇਵਫ਼ਾ ਦੇ ਵਾਸਤੇ ਰੋਇਆ ਨਾ ਕਰ ਤੂੰ,
ਦੀਦਿਆਂ ਨੂੰ ਨਾ ਇਵੇਂ ਖਰ ਜਾਣ ਦੇਣਾ।

ਇਸ਼ਕ ਦੀ ਰੱਖੀਂ ਤਪਸ਼ ਸੀਨੇ 'ਚ ਅਪਣੇ,
ਜਜ਼ਬਿਆਂ ਨੂੰ ਨਾ ਕਦੀ ਠਰ ਜਾਣ ਦੇਣਾ।

ਤੂੰ ਜ਼ਮਾਨੇ ਦੇ ਡਰੋਂ ਸੁਕਦਾ ਨਾ ਜਾਵੀਂ,
ਹੋਂਦ ਅਪਣੀ ਨੂੰ ਨਹੀਂ ਡਰ ਜਾਣ ਦੇਣਾ।

ਡੋਬ ਦੇਵੇਗਾ ਖ਼ੁਦਾ ਜਦ ਵਕ਼ਤ ਆਇਆ,
ਪਰ ਅਜੇ ਬੇੜਾ ਉਨ੍ਹੇ ਭਰ ਜਾਣ ਦੇਣਾ।

ਰੋਜ਼ ਮਰ-ਮਰ ਕੇ ਰਿਹਾਂ ਜਿਉਂਦਾ ਅਜੇ ਤਕ,
ਹੁਣ ਹਕੀਕ਼ਤ ਵਿਚ ਤੁਸੀਂ ਮਰ ਜਾਣ ਦੇਣਾ।

ਉਹ ਜੇ ਆਖੇ ਤੂੰ ਚਲਾ ਜਾ, ਮੁੜ ਨਾ ਆਵੀਂ,
ਉਸਨੂੰ ਪਹਿਲਾਂ ਭੇੜ ਕੇ ਦਰ, ਜਾਣ ਦੇਣਾ।

ਲੋਚਦਾ ਹਾਂ ਮੈਂ ਤਿਰਾ ਦੀਦਾਰ 'ਹਿਰਖੀ',
ਬਸ ਝਲਕ ਮਾਤਰ ਇਹਨੂੰ ਝਰ ਜਾਣ ਦੇਣਾ।

*

ਇਸ਼ਕ ਦੀ ਅੱਗ 'ਚ ਝੋਣਾ ਹੋਇਆ ।
ਇਕ ਦਿਨ ਇਹ ਸੀ ਹੋਣਾ ਹੋਇਆ ।

ਇਕ ਦਿਨ ਸਭ ਨੇ ਸਾਗਰ ਅੰਦਰ ,
ਵਾਰੋ – ਵਾਰ ਸਮੋਣਾ ਹੋਇਆ ।

ਜਿਸ ਢੋਣੇ 'ਤੇ ਲਾਇਆ ਉਸਨੇ ,
ਉਸ ਢੋਣੇ ਨੂੰ ਢੋਣਾ ਹੋਇਆ ।

ਦਿਲ ਵਿਚ ਜਦ ਆਉਂਦੀ ਹੈ ਨੇੜ੍ਹੀ ,
ਨੈਣਾਂ ਨੇ ਵੀ ਚੋਣਾ ਹੋਇਆ ।

ਸਾਡੀ ਪੁੱਛ ਨਹੀਂ ਜੇ ਹੁੰਦੀ ,
ਸਾਡਾ ਵੀ ਕੀ ਹੋਣਾ ਹੋਇਆ ?

ਸੂਈ ਵਿੰਨ੍ਹੇ , ਦਿਲ ਤਾਂ ਦੁਖਦੈ ,
ਫਿਰ ਵੀ ਹਾਰ ਪਰੋਣਾ ਹੋਇਆ ।

ਉਸਦੇ ਜਾਣ ਤੋਂ ਪਿੱਛੋਂ ਦਿਲ ਦਾ ,
ਸੁੰਨਾ ਕੋਨਾ – ਕੋਨਾ ਹੋਇਆ ।

ਖ਼ੈਰ ਮਿਲੇਗੀ ਅਗਲੀ ਜੂਨੇ ,
ਮੁਸ਼ਕਿਲ ਹੋਰ ਖਲੋਣਾ ਹੋਇਆ ।

ਹਿਜਰ ਦੀਆਂ ਕੀ ਦੱਸੇ 'ਹਿਰਖੀ',
ਹੰਝੂਆਂ ਥੀਂ ਮੁਖ ਧੋਣਾ ਹੋਇਆ ।

*

ਕੌਣ ਫਿਰ ਯਾਦ ਆ ਗਿਆ ਰਾਤੀਂ ?
ਦਿਲ ਬੜਾ ਫੇਰ ਤੜਪਿਆ ਰਾਤੀਂ।

ਇਲਮ ਉਸਨੂੰ ਇਦ੍ਹਾ ਭਲਾ ਕਿੱਥੇ ?
ਉਸ ਲਈ ਕੌਣ ਸਹਿਕਿਆ ਰਾਤੀਂ।

ਭਰਦੀਆਂ ਨੇ ਘੜੀ - ਮੁੜੀ ਅੱਖਾਂ,
ਸੋਚਦਾਂ, ਕੀ ਇਹ ਹੋ ਗਿਆ ਰਾਤੀਂ !

ਓਸਨੂੰ ਭਾਲ਼ਦਾ ਰਿਹਾ ਥਾਂ - ਥਾਂ,
ਕਿਸ ਜਗ੍ਹਾ ਨਈਂ ਮੈਂ ਪਹੁੰਚਿਆ ਰਾਤੀਂ ?

ਸੁੱਤੇ ਨੂੰ ਦੇਖਦਾ ਰਿਹਾ ਮੈਨੂੰ,
ਖ਼ਾਬ ਉਸਦਾ ਮੈਂ ਮਾਣਿਆ ਰਾਤੀਂ।

ਦਿਲ ਵੀ ਹੋਇਆ ਖ਼ਰਾਬ, ਕੀ ਦੱਸਾਂ ?
ਬਹੁਤ ਪਰਦੇਸ ਰੜਕਿਆ ਰਾਤੀਂ।

ਕਹਿਣ ਨੂੰ ਦਿਲ 'ਚ ਸੀ ਬੜਾ ਕੁਝ, ਪਰ
ਨਾ ਦਿਨੇ ਕੁਝ, ਨਾ ਔੜ੍ਹਿਆ ਰਾਤੀਂ।

ਜ਼ਿੰਦਗੀ ਭਰ ਉਡੀਕਿਆ ਉਸਨੂੰ,
ਸ਼ਾਮ ਸਿਰ 'ਤੇ ਹੈ, ਬਹੁੜਿਆ ਰਾਤੀਂ।

'ਹਿਰਖੀਆ' ! ਫੇਰ ਵੀ ਭਲਾ ਹੋਇਆ,
ਭਟਕਦਾ ਮਨ ਤਾਂ ਟਿਕ ਗਿਆ ਰਾਤੀਂ।

*

ਜਨਮੇਂ ਹਾਂ ਇੱਕ ਆਹਾ ਲੈ ਕੇ।
ਅਪਣੀ ਮੌਤ ਦਾ ਸਾਹਾ ਲੈ ਕੇ।

ਉਸਨੇ ਬਹੁਤ ਵਧੀਕੀ ਕੀਤੀ,
ਨਰਮਾਈ ਦਾ ਲਾਹਾ ਲੈ ਕੇ।

ਆਉਣ ਦਾ ਕਹਿ ਕੇ ਮੁੜ ਨਾ ਆਇਆ,
ਵਕ਼ਤ ਦਾ ਇੱਕ ਸਪਤਾਹਾ ਲੈ ਕੇ।

ਮੇਰਾ ਦੁਸ਼ਮਣ ਤੁਰਦਾ ਹੋਇਆ,
ਅਪਣੇ ਘਰ ਵਿੱਚ ਫਾਹਾ ਲੈ ਕੇ।

ਖ਼ੁਸ਼ੀਆਂ ਬਿਨ ਮੈਂ ਜੀਅ ਲੈਂਦਾ ਹਾਂ,
ਦੁਖੜੇ ਬੇਪਰਵਾਹਾ! ਲੈ ਕੇ।

ਹੋ ਜਾਏਗਾ ਪਾਰ - ਉਤਾਰਾ,
ਨਾਮ ਤਿਰੇ ਦਾ ਲਾਹਾ ਲੈ ਕੇ।

ਜੀਵਨ ਜਿਉਣਾ ਸਿੱਖ ਲੈ 'ਹਿਰਖੀ',
ਦਿਲ ਵਿਚ ਪਰੇਮ ਉਮਾਹਾ ਲੈ ਕੇ।

*

ਹੋਰਾਂ ਸਾਲਾਂ ਵਾਂਗਰ ਇਹ ਵੀ, ਚੰਦਰਾ ਦੁੱਖ ਦਿਖਾਲ਼ ਗਿਆ।
ਹਾਸੇ ਖ਼ੁਸ਼ੀਆਂ ਦੂਰ ਹੀ ਰਹੀਆਂ, ਏਦਾਂ ਦਾ ਇਹ ਸਾਲ ਗਿਆ।

ਉਹ ਸਾਗਰ ਨੂੰ ਪਾਲਣਹਾਰਾ, ਜਲ ਵਿਚ ਛੱਲਾਂ ਸਾਂਭ ਲਵੇ,
ਗੁੱਸੇ ਵਿਚ ਆਇਆ ਜਦ ਇਕ ਦਿਨ, ਕਿੰਨਾ ਕੁਝ ਹੰਗਾਲ ਗਿਆ।

ਮਾੜੇ ਦਿਲ ਦਾ ਬੰਦਾ ਸੀ ਉਹ, ਦਿਲ ਵਿਚ ਸੀ ਜੋ ਮੈਲ਼ ਭਰੀ,
ਦੋ ਘੁਟ ਦਾਰੂ ਦੇ ਉਹ ਪੀ ਕੇ, ਗੁੱਸਾ ਝੱਟ ਉਗਾਲ਼ ਗਿਆ।

ਗੁੱਸੇ ਹੋ ਕੇ ਦੂਰ ਗਿਆ ਉਹ, ਨਿਰਮੋਹੇ ਨੂੰ ਨਈਂ ਫ਼ਿਕਰ ਕੁਈ,
ਉਸਦੀ ਯਾਦ 'ਚ ਰੋ - ਰੋ ਕੋਈ, ਅਪਣੇ ਦੀਦੇ ਗਾਲ਼ ਗਿਆ।

ਸੋਚ ਵਿਚਾਰ ਨਾ ਤਰਕ ਉਦ੍ਹੇ ਵਿਚ, ਹਉਮੈਂ ਵਿਚ ਗਲਤਾਨ ਫਿਰੇ,
ਗੱਲਾਂ ਕਰਕੇ ਹੱਦੋਂ ਗਿਰੀਆਂ, ਮੇਰਾ ਖ਼ੂਨ ਉਬਾਲ਼ ਗਿਆ।

ਲੋੜਾਂ - ਥੋੜਾਂ ਖ਼ਾਤਰ ਸਹੀਏ, ਚੁੱਪ - ਚੁਪੀਤੇ ਜ਼ੁਲਮ ਅਸੀਂ,
ਵਕ਼ਤ ਨੇ ਲਾਏ ਮੂੰਹ 'ਤੇ ਜਿੰਦਰੇ, ਕੰਨੀਂ ਸਿੱਕਾ ਢਾਲ਼ ਗਿਆ।

ਆਸ ਨਿਰਾਸ ਅਵਸਥਾ ਵਿਚ ਮੈਂ, ਮੁਸ਼ਕਿਲ ਨਾਲ਼ ਹੀ ਟਿਕਿਆ ਸਾਂ,
ਸੁਪਨੇ ਦੇ ਵਿਚ ਆਇਆ 'ਹਿਰਖੀ', ਨੀਂਦੋਂ ਫੇਰ ਉਠਾਲ਼ ਗਿਆ।

*

ਦਰਦ ਨੂੰ ਦਿਲ ਵਿਚ ਦਬਾ ਕੇ।
ਤੁਰ ਗਏ ਸਾਨੂੰ ਹਸਾ ਕੇ।

ਸਿਰ ਤਲ਼ੀ ਉੱਤੇ ਟਿਕਾ ਕੇ।
ਤੁਰ ਪਏ ਪਰਚਮ ਉਠਾ ਕੇ।

ਚੁਮੜਿਆ ਮੇਰੇ ਗਲੇ ਨੂੰ,
ਫ਼ਰਕਦੇ ਬੁੱਲਾਂ ਥੀਂ ਧਾਅ ਕੇ।

ਜ਼ਿੰਦਗੀ ਮੰਗੀ ਉਨ੍ਹਾਂ ਦੀ,
ਦਰ ਤਿਰੇ 'ਤੇ ਸਿਰ ਝੁਕਾ ਕੇ।

ਜੋੜਿਆਂ ਨਾ ਸੁਰਤ ਜੁੜਦੀ,
ਦੇਖ ਲੀਤੈ ਮਨ ਟਿਕਾ ਕੇ।

ਆਸ ਦਾ ਦੀਵਾ ਮੈਂ ਬਾਲ਼ਾਂ,
ਖ਼ੂਨ ਅਪਣਾ ਇਸ 'ਚ ਪਾ ਕੇ।

ਉਮਰ ਭਰ ਉਹ ਨਾਲ਼ ਹੀ ਸੀ,
ਉਹ ਰਿਹਾ ਦਿਲ ਵਿਚ ਸਮਾ ਕੇ।

ਕੱਚਿਆਂ ਨੂੰ ਤੋੜਦੈਂ ਕਿਉਂ ?
ਤੁਰਨ ਸਭ ਉਮਰਾਂ ਪੁਗਾ ਕੇ।

ਤੁਰ ਗਿਐ ਚੁਪ-ਚਾਪ 'ਹਿਰਖੀ',
ਲੈ ਤੁਰੇ ਸੱਜਣ ਉਠਾ ਕੇ।

*

ਜੀਵਨ ਦਾ ਦਾਨ ਮੰਗੋ, ਸੰਕੋਚ ਨਾ ਕਰੋ।
ਰਬ ਤੋਂ ਗਿਆਨ ਮੰਗੋ, ਸੰਕੋਚ ਨਾ ਕਰੋ।

ਗੋਬਿੰਦ ਜੋਤਿ ਜੇਕਰ, ਹਿਰਦੇ 'ਚ ਆ ਵਸੇ,
ਸਿੱਖੀ ਦੀ ਸ਼ਾਨ ਮੰਗੋ, ਸੰਕੋਚ ਨਾ ਕਰੋ।

ਕਰਨੈ ਜੇ ਵਣਜ ਕੋਈ, ਘਾਟਾ ਵੀ ਨਾ ਪਵੇ,
ਸਚ ਦੀ ਦੁਕਾਨ ਮੰਗੋ, ਸੰਕੋਚ ਨਾ ਕਰੋ।

ਸਰਬੱਤ ਦੇ ਭਲੇ ਦੀ, ਜੇਕਰ ਹੈ ਕਾਮਨਾ,
ਚੰਗਾ ਰੁਝਾਨ ਮੰਗੋ, ਸੰਕੋਚ ਨਾ ਕਰੋ।

ਦੁਸ਼ਮਣ ਦੇ ਨਾਲ਼ ਭਿੜਨੈ ? ਜਿਤ ਦੇ ਲਈ ਭਿੜੋ,
ਹਿਰਦਾ ਚਟਾਨ ਮੰਗੋ, ਸੰਕੋਚ ਨਾ ਕਰੋ।

ਪੁੱਛੇ ਅਗਰ ਖ਼ੁਦਾ ਤਾਂ, 'ਰਹਿਮਤ ਕਰੋ', ਕਹੋ
ਜਾਂ ਨਾਮ - ਦਾਨ ਮੰਗੋ, ਸੰਕੋਚ ਨਾ ਕਰੋ।

ਕਰਦੇ ਨੇ ਜੋ ਵਧੀਕੀ, ਸਭ ਨੂੰ ਮਿਲੇ ਸਜ਼ਾ,
ਐਸਾ ਵਿਧਾਨ ਮੰਗੋ, ਸੰਕੋਚ ਨਾ ਕਰੋ।

ਹੋਣਾ ਹੈ ਲੀਨ ਉਸ ਵਿਚ, ਇਕ ਦਿਨ ਹਰਿਕ ਨੇ, ਪਰ
ਜਗ ਵਿਚ ਸਥਾਨ ਮੰਗੋ, ਸੰਕੋਚ ਨਾ ਕਰੋ।

ਦਿਲ ਹਾਰਿਐ ਤੁਹਾਨੂੰ, ਪਹਿਲਾਂ ਹੀ ਸੁਹਣਿਓ !
'ਹਿਰਖੀ' ਤੋਂ ਜਾਨ ਮੰਗੋ, ਸੰਕੋਚ ਨਾ ਕਰੋ।

*

ਮੁਖੜਾ ਅਪਣਾ ਦਿਖਾਲ਼ ਦੇਣਾ ਸੀ।
ਹਿਜਰ ਦੀ ਥਾਂ ਵਸਾਲ ਦੇਣਾ ਸੀ।

ਜੇ ਨਾ ਹੁੰਦਾ ਇਹ ਦਿਲ ਤਿਰਾ ਪੱਥਰ,
ਮੈਂ ਪਲਾਂ ਵਿਚ ਪਿਘਾਲ ਦੇਣਾ ਸੀ।

ਉਮਰ ਭਰ ਮੈਂ ਕਦੀ ਦਗ਼ਾ ਦੇਊਂ,
ਡਰ ਇਹ ਦਿਲ 'ਚੋਂ ਨਿਕਾਲ ਦੇਣਾ ਸੀ।

ਕੋਲ ਮੰਤਰ ਖ਼ੁਸ਼ੀ ਦਾ ਜੇ ਹੁੰਦਾ,
ਮੈਂ ਉਹ ਸਭ ਨੂੰ ਸਿਖਾਲ ਦੇਣਾ ਸੀ।

ਜੋ ਮਨਾਂ 'ਚੋਂ ਭਜਾ ਦਵੇ ਨੇਰ੍ਹਾ,
ਮੈਂ ਉਹ ਦੀਵਾ ਵੀ ਬਾਲ਼ ਦੇਣਾ ਸੀ।

ਮੈਂ ਨਹੀਂ ਹਾਂ ਸਨਮ ਤਿਰੇ ਵਰਗਾ,
ਵਰਨਾ ਤੈਨੂੰ ਮੈਂ ਟਾਲ਼ ਦੇਣਾ ਸੀ।

ਮੈਂ ਨਾ ਆਉਂਦਾ ਕਦੀ ਵੀ ਮਹਿਫ਼ਿਲ ਵਿਚ,
ਤੂੰ ਅਗਰ ਇਉਂ ਉਠਾਲ ਦੇਣਾ ਸੀ।

ਜਾਲਦੇ ਹੋ ਹਰਿਕ ਵਰ੍ਹੇ ਪੁਤਲੇ,
ਇਸ ਬਦੀ ਨੂੰ ਵੀ ਜਾਲ਼ ਦੇਣਾ ਸੀ।

ਇਸ ਕਦਰ ਕਿਉਂ ਅਵੇਸਲਾ ਹੁੰਦੈਂ ?
'ਹਿਰਖੀ' ਵਲ ਵੀ ਖਿਆਲ ਦੇਣਾ ਸੀ।

*

ਅਪਣੀ ਰਾਮ-ਕਹਾਣੀ ਕਹਿ ਕੇ।
ਭਰਿਆ ਨੈਣੀਂ ਪਾਣੀ , ਕਹਿ ਕੇ।

ਉਸਨੇ ਏਨੀ ਇੱਜ਼ਤ ਬਖ਼ਸ਼ੀ ,
ਮੈਨੂੰ ਅਪਣਾ ਹਾਣੀ ਕਹਿ ਕੇ।

ਖ਼ੁਦ ਨੂੰ ਉਸਨੇ ਸ਼ਾਮਲ ਕੀਤਾ ,
ਸਾਰੀ ਦੁਨੀਆ ਕਾਣੀ ਕਹਿ ਕੇ।

ਉਹਨਾਂ ਇਉਂ ਅਫ਼ਸੋਸ ਜਤਾਇਆ ,
ਦੁਨੀਆ ਆਉਣੀ-ਜਾਣੀ ਕਹਿ ਕੇ।

ਸਾਡਾ ਪਾਰ - ਉਤਾਰਾ ਕੀਤਾ ,
ਉਸਨੇ ਗੱਲ ਸਿਆਣੀ ਕਹਿ ਕੇ।

ਪਿਉ ਨੇ ਘੁਟ ਕੇ ਸੀਨੇ ਲਾਇਆ ,
ਨਿਕੜੀ ਨੂੰ 'ਮਰ-ਜਾਣੀ' ਕਹਿ ਕੇ।

'ਹਿਰਖੀ' ਨੇ ਅੱਖਾਂ ਮੁੰਦ ਲਈਆਂ ,
ਜਾਂਦੀ ਵਾਰੀ ਪਾਣੀ ਕਹਿ ਕੇ।

*

ਠੰਡਾ – ਠੰਡਾ ਹਉਕਾ ਭਰ ਜਾਵਾਂਗਾ ਮੈਂ।
ਉਹ ਜੋ ਵੀ ਆਖੇਗਾ , ਜਰ ਜਾਵਾਂਗਾ ਮੈਂ।

ਬੇਰੁਖ਼ ਮਹਿਰਮ , ਬੇਰੁਖ਼ ਮੌਸਮ ਰਹਿੰਦਾ ਹੈ ,
ਇਉਂ ਲਗਦੈ ਇਕ ਰੋਜ਼ ਬਿਖਰ ਜਾਵਾਂਗਾ ਮੈਂ।

ਬਿਖੜੇ ਪੈਂਡੇ 'ਤੇ ਵੀ ਦਿਲ ਨਈਂ ਛੱਡਾਂਗਾ ,
ਤੂੰ ਕਿੰਝ ਸੋਚ ਲਿਐ ਕਿ ਡਰ ਜਾਵਾਂਗਾ ਮੈਂ ?

ਤੂੰ ਹੈਂ ਜਿਉਂ ਇਸ਼ਕ ਸਮੁੰਦਰ ਭਰ-ਭਰ ਵਗਦਾ ,
ਸਾਰੇ ਦਾ ਸਾਰਾ ਇਸ ਵਿਚ ਖਰ ਜਾਵਾਂਗਾ ਮੈਂ।

ਦੇਖ ਲਈਂ ਇਕ ਦਿਨ ਤੇਰੀ ਦੇਹਲ਼ੀ ਉੱਤੇ ,
ਦਿਲ ਦਾ ਬਲ਼ਦਾ ਦੀਵਾ ਧਰ ਜਾਵਾਂਗਾ ਮੈਂ।

ਤੁਰ ਜਾਂਦੀ ਹੈ ਜਿੱਥੇ ਨੂੰ ਸਾਰੀ ਦੁਨੀਆ ,
ਇਉਂ ਚੁੱਪ-ਚੁਪੀਤਾ ਉਸ ਘਰ ਜਾਵਾਂਗਾ ਮੈਂ।

ਇਲਮ ਨਹੀਂ ਸੀ ਇਸਦਾ , ਏਦਾਂ ਹੋਏਗੀ ,
'ਹਿਰਖੀ' ਤਿਲ਼-ਤਿਲ਼ ਕਰਕੇ ਮਰ ਜਾਵਾਂਗਾ ਮੈਂ।

*

ਇਸ਼ਕ ਦੀ ਤੰਦ ਜੋੜ ਹੋਈ।
ਅਰਜ਼ ਦਿਲ ਦੀ ਨਾ ਮੋੜ ਹੋਈ।

ਬਹੁਤ ਹਨ ਉਸਨੂੰ ਚਾਹੁਣ ਵਾਲ਼ੇ,
ਸਭ ਦੀ ਗਿਣਤੀ ਕਰੋੜ ਹੋਈ।

ਉਹ ਰਿਹੈ ਅੰਗ-ਸੰਗ ਮੇਰੇ,
ਯਾਦ ਵੀ ਨਾ ਵਿਛੋੜ ਹੋਈ।

ਕਰਮ ਅਪਣੇ ਤਾਂ ਦੋਸ਼ ਕਿਸਨੂੰ ?
ਸਿਰ 'ਤੋਂ ਹੋਣੀ ਨਾ ਹੋੜ ਹੋਈ।

ਜਾਨ ਟੰਗੀ ਰਹੀ ਹੈ ਸੂਲ਼ੀ,
ਰੱਤ ਅਪਣੀ ਨਿਚੋੜ ਹੋਈ।

ਨਾਪ ਦੀ ਨਾ ਜੁੜੀ ਹੈ ਚੱਦਰ,
ਤਾਂ ਹੀ ਸਿਰ 'ਤੇ ਨਾ ਓੜ੍ਹ ਹੋਈ।

ਰੁਸ ਗਏ ਤਾਂ ਮਨਾਅ ਨਾ ਹੋਏ,
ਚੁਪ ਉਨ੍ਹਾਂ ਦੀ ਨਾ ਤੋੜ ਹੋਈ।

ਉਮਰ ਭਰ ਕੀਤੀਆਂ ਮੈਂ ਮਿੰਨਤਾਂ,
ਟੁੱਟੀ ਮੁੜਕੇ ਨਾ ਜੋੜ ਹੋਈ।

ਆਉਣਗੇ ਪਰਤ ਕੇ ਉਹ 'ਹਿਰਖੀ',
ਜੇ ਉਨ੍ਹਾਂ ਨੂੰ ਵੀ ਲੋੜ ਹੋਈ।

*

ਦਿਸਦਾ ਉਹ ਬੇਸ਼ੱਕ ਨਹੀਂ।
ਉਸਦਾ ਕਿਸ 'ਤੇ ਹੱਕ ਨਹੀਂ ?

ਚੰਨ ਤੋਂ ਗਏ ਅਗੇਰੇ, ਪਰ
ਪਹੁੰਚੇ ਉਸਦੇ ਤੱਕ ਨਹੀਂ।

ਤੈਨੂੰ ਹੈ ਤਾਂ ਖੁੱਲ੍ਹ ਕੇ ਕਹਿ,
ਮੈਨੂੰ ਕੋਈ ਸ਼ੱਕ ਨਹੀਂ।

ਜਿਸ ਖੂਹ ਵਿਚ ਤੂੰ ਡਿਗਣੈ,
ਉਸ ਵਿਚ ਮੈਨੂੰ ਧੱਕ ਨਹੀਂ।

ਦਿਲ ਵਿਚ ਰਖ ਤੂੰ ਸੌ ਵਾਰੀ,
ਘਰ ਦੇ ਅੰਦਰ ਡੱਕ ਨਹੀਂ।

ਫ਼ਾਹਾ ਲੈਂਨੈਂ ਖ਼ੁਦ ਕਾਹਤੋਂ ?
ਓਦਾਂ ਰਹਿੰਦਾ ਨੱਕ ਨਹੀਂ ?

ਉੱਤਰ ਤੋੜ-ਮਰੋੜ ਨਾ ਹੁਣ,
ਉੱਤੇ - ਥੱਲੇ ਤੱਕ ਨਹੀਂ।

ਮੰਜ਼ਲ 'ਤੇ ਜੇ ਅੱਪੜਨੈਂ,
ਤੁਰਨੋ ਫਿਰ ਤੂੰ ਅੱਕ ਨਹੀਂ।

'ਹਿਰਖੀ' ਸਿੱਖਣਾ ਛੱਡੀਂ ਨਾ,
ਊਂ ਹੋਣਾ ਪਰਪੱਕ ਨਹੀਂ।

*

ਕਾਸ਼! ਕੋਈ ਸੁਆਰ ਕੇ ਦੱਸੇ।
ਝੂਠ - ਸਚ ਨੂੰ ਨਿਤਾਰ ਕੇ ਦੱਸੇ।

ਦਿਲ 'ਚ ਕੀ ਹੈ ਉਦ੍ਹੇ, ਮੈਂ ਕੀ ਜਾਣਾਂ ?
ਗਲ ਬਣੇ ਜੇ ਪੁਕਾਰ ਕੇ ਦੱਸੇ।

ਗ਼ਲਤੀ ਉਸਨੇ ਕਦੀ ਨਹੀਂ ਕੀਤੀ ?
ਦਿਲ 'ਚ ਅਪਣੇ ਨਿਹਾਰ ਕੇ ਦੱਸੇ।

ਮਨ ਹੈ ਮੈਲ਼ਾ ਤਾਂ ਸੋਚਣੀ ਮੈਲ਼ੀ,
ਇਸਨੂੰ ਕੋਈ ਨਿਖ਼ਾਰ ਕੇ ਦੱਸੇ।

ਹਾਂ ਕਹੇ ਉਹ, ਕੋਈ ਨਹੀਂ ਜਲਦੀ,
ਹਰ ਤਰ੍ਹਾਂ ਉਹ ਵਿਚਾਰ ਕੇ ਦੱਸੇ।

ਹੈ ਕੋਈ ਜੋ ਦਿਲੋਂ ਕਰੇ ਕਿਰਪਾ,
ਬਿਗੜਿਆਂ ਨੂੰ ਸੁਧਾਰ ਕੇ ਦੱਸੇ।

ਮੈਂ ਤਾਂ ਸਭ ਕੁਝ ਭੁਲਾ ਦਿਆਂ 'ਹਿਰਖੀ',
ਉਹ ਵੀ ਸਭ ਕੁਝ ਵਿਸਾਰ ਕੇ ਦੱਸੇ।

*

ਇਕ ਦਿਨ ਮੈਂ ਵੀ ਮੁਖ ਦੇਖਾਂਗਾ ਚਾਨਣ ਦਾ।
ਹਰ ਹੀਲਾ ਮੈਂ ਵਰਤਾਂ ਉਸਨੂੰ ਭਾਲਣ ਦਾ।

ਹਿਜਰ ਦੀ ਭੱਠੀ ਬਲ਼ਦੀ ਰੱਖੀ ਹਰ ਹੀਲੇ,
ਲਾ-ਲਾ ਕੇ ਰੁਗ ਮੈਂ ਹੱਡਾਂ ਦੇ ਬਾਲਣ ਦਾ।

ਦੁਨੀਆ ਬਾਰੇ ਖ਼ਬਰਾਂ ਲਈਏ ਥਾਂ-ਥਾਂ ਤੋਂ,
ਲੇਕਿਨ ਵਕ਼ਤ ਨਾ ਮਿਲਿਆ ਖ਼ੁਦ ਨੂੰ ਜਾਨਣ ਦਾ।

ਖ਼ੁਦ ਮਰਿਆ ਰਾਵਣ, ਲੰਕਾ ਵੀ ਸੜਵਾਈ,
ਨਾਲ਼ੇ ਖੱਟਿਆ ਘੋਰ ਕਲੰਕ ਉਧਾਲਣ ਦਾ।

ਬਦ ਨੂੰ ਜਾਲ਼ੋ, ਰੀਤ ਨਿਭਾਓ, ਪਰ ਲੋਕੋ!
ਕਦ ਆਏਗਾ ਵਕ਼ਤ ਬਦੀ ਨੂੰ ਜਾਲਣ ਦਾ?

ਚੋਰ ਨੇ ਕੀਤੀ ਚੋਰੀ, ਮੈਂ ਸੀ ਦੇਖ ਲਿਆ,
ਭੁਗਤਾਂ ਮੈਂ ਖ਼ਮਿਆਜ਼ਾ ਵਕ਼ਤ ਬਿਆਨਣ ਦਾ।

ਉਹ ਨਾ ਚਾਹੇ ਤਾਂ ਮੌਤ ਨਾ ਘੇਰੇ ਸਾਨੂੰ,
ਜਿਸਨੇ ਬੀੜਾ ਚੁੱਕਿਆ ਸਾਨੂੰ ਪਾਲਣ ਦਾ।

ਯਾਦ ਕਰਾਉਂਦਾਂ ਉਸਦੇ ਵਾਅਦੇ, ਜਦ ਉਸਨੂੰ,
ਢੂੰਡ ਲਵੇ ਉਹ ਸਜਰਾ ਵਾਅਦਾ ਟਾਲਣ ਦਾ।

ਘਰ-ਘਰ ਅੰਦਰ ਫੈਲੇ 'ਹਿਰਖੀ' ਮਾਂ ਬੋਲੀ,
ਦੋਹੀਂ ਹੱਥੀਂ ਛੱਟਾ ਦੇਵਾਂ ਚਾਨਣ ਦਾ।

*

ਭੜਕੇ ਨੇ ਕਮਦਿਲੇ ਹੀ, ਮੇਰੇ ਵਿਚਾਰ ਉੱਤੇ।
ਝਪਟਣ ਜਿਵੇਂ ਸ਼ਿਕਾਰੀ, ਅਪਣੇ ਸ਼ਿਕਾਰ ਉੱਤੇ।

ਲੋਕਾਂ ਦੇ ਨਾਲ਼ ਰਲ਼ ਕੇ, ਕਰਦਾ ਹੈ ਤੰਗ ਉਹ ਵੀ,
ਆਉਂਦਾ ਹੈ ਬਹੁਤ ਗੁੱਸਾ, ਉਸ ਗ਼ਮਗੁਸਾਰ ਉੱਤੇ।

ਉਸ ਨਾਲ਼ ਜ਼ਿੰਦਗੀ ਮੈਂ, ਏਦਾਂ ਗੁਜ਼ਾਰਦੀ ਹਾਂ,
ਬੈਠੀ ਚਿੜੀ ਜਿਵੇਂ ਹੈ, ਬਿਜਲੀ ਦੀ ਤਾਰ ਉੱਤੇ।

ਨਾ ਬਾਜ ਅੱਖ ਰੱਖੇ, ਨਾ ਹੀ ਕੁਈ ਸ਼ਿਕਾਰੀ,
ਆਫ਼ਤ ਕਦੀ ਨਾ ਆਵੇ, ਕੂੰਜਾਂ ਦੀ ਡਾਰ ਉੱਤੇ !

ਬੇਮੌਸਮੀ ਇਹ ਕਣੀਆਂ, ਪਈਆਂ ਤੇ ਦੰਗ ਕੀਤਾ,
ਆਵੇ ਜਿਵੇਂ ਕਿ ਮਹਿਰਮ, ਅਪਣੇ ਕਰਾਰ ਉੱਤੇ।

ਆਉਣਾ ਉਨ੍ਹਾਂ ਦਾ ਹੋਇਆ, ਬਾਗ਼ੀਂ ਬਹਾਰ ਆਈ,
ਬੁੱਲ੍ਹਾ ਹਵਾ ਦਾ ਵਗਿਆ, ਪੈਂਦੀ ਫ਼ੁਹਾਰ ਉੱਤੇ।

ਬੰਦੇ ਦੇ ਹੱਥ 'ਚ ਹੁੰਦਾ, ਹੰਕਾਰ ਨਾਲ਼ ਮਰਦਾ,
ਅਧਿਕਾਰ ਉਸ ਖ਼ੁਦਾ ਦਾ, ਸਭ ਦੇ ਪਸਾਰ ਉੱਤੇ।

ਡਰ, ਹੇਰ-ਫੇਰ, ਨਿੰਦਾ, ਚੁਗਲੀ ਤੇ ਨਾਲ਼ ਗੁੱਸਾ ?
ਹਨ ਤਾਂ ਵਿਨਾਸ਼ਕਾਰੀ, ਸਭ ਤੋਂ ਵਿਕਾਰ ਉੱਤੇ।

ਮੰਜ਼ਰ ਇਹ ਦੇਖਿਆ ਤਾਂ, ਉਭਰੀ ਸੀ ਚੀਸ ਦਿਲ 'ਚੋਂ,
'ਹਿਰਖੀ' ਗੁਲਾਬ ਟੁੱਟ ਕੇ, ਟਿਕਿਆ ਸੀ ਖ਼ਾਰ ਉੱਤੇ।

*

ਜਿਸ ਤਰ੍ਹਾਂ ਤੂੰ ਕਹਿ ਰਿਹੈਂ, ਓਦਾਂ ਵੀ ਹੋ ਸਕਦੈ।
ਆਦਮੀਂ ਚੰਗਾ ਭਲਾ ਬੈਠਾ ਵੀ ਰੋ ਸਕਦੈ।

ਦਰਦ ਜੇਕਰ ਅਪਣਿਆਂ ਤੋਂ ਮਿਲ ਗਿਆ ਹੋਵੇ,
ਖ਼ੂਨ ਦਿਲ ਦਾ ਅੱਖੀਆਂ ਵਿੱਚੋਂ ਵੀ ਚੋਅ ਸਕਦੈ।

ਬੇਰੁਖ਼ੀ ਉਸਦੇ ਲਹੂ ਵਿਚ ਹੈ ਰਚੀ ਹੋਈ,
ਇਸ ਲਈ ਦਿਲਦਾਰ ਨਿਰਮੋਹਾ ਵੀ ਹੋ ਸਕਦੈ।

ਕਾਤਲਾਨਾ ਹੈ ਅਦਾ ਉਸਦੀ, ਤੁਸੀਂ ਬਚਿਓ !
ਇਕ ਨਜ਼ਰ ਵਿਚ ਉਹ ਕਈ ਦਿਲ ਵੀ ਪਰੋ ਸਕਦੈ।

ਇਹ ਜ਼ਰੂਰੀ ਤਾਂ ਨਹੀਂ ਲੀਹਾਂ ਜਿਹਾ ਹੋਵੇ,
ਜ਼ਿੰਦਗੀ ਵਿਚ ਕੁਝ ਨਾ ਕੁਝ ਵਖਰਾ ਵੀ ਹੋ ਸਕਦੈ।

ਤੂੰ ਗ਼ਲਤ-ਫ਼ਹਿਮੀਂ 'ਚ ਰਹਿਨੈ, ਯਾਦ ਰਖ ਇਹ ਵੀ,
ਉਹ ਤਿਰੇ ਤੋਂ ਰੁਸ ਕੇ, ਅਪਣਾ ਦਰ ਵੀ ਢੋਅ ਸਕਦੈ।

ਜਾਣ ਬੁੱਝ ਕੇ ਜੇ ਕੋਈ ਆਖੀ ਪੁਗਾਵੇ ਨਾ,
ਆਦਮੀਂ ਵਿਸ਼ਵਾਸ ਪਲ ਅੰਦਰ ਵੀ ਖੋ ਸਕਦੈ।

ਮੈਂ ਤਿਰੇ ਇਖ਼ਲਾਕ ਦਾ ਗਿਰਨਾ ਕਿਵੇਂ ਮੰਨਾਂ ?
ਸਚ ਨਹੀਂ ਲਗਦਾ, ਮਗਰ ਹੁਣ ਇਹ ਵੀ ਹੋ ਸਕਦੈ।

ਨਾ ਡਰਾਇਆ ਕਰ ਜਹਾਨੋਂ ਜਾਣ ਦਾ ਕਹਿ ਕੇ,
ਜਾਨ ਅਪਣੀ ਤੋਂ ਇਹ 'ਹਿਰਖੀ' ਹਥ ਵੀ ਧੋ ਸਕਦੈ।

*

ਸਾਹ-ਸਤ ਸਰੀਰੋਂ ਸੂਤਿਆ ਉਸਨੇ।
ਭਰ ਕੇ ਨਜ਼ਰ ਜਦ ਵੇਖਿਆ ਉਸਨੇ।

ਮੇਰਾ ਕਿਹਾ ਨਾ ਗੌਲ਼ਿਆ ਉਸਨੇ।
ਘਰ ਆਪਣਾ ਰੋਲ਼ਿਆ ਉਸਨੇ।

ਲਗਦੈ ਕਿ ਉਸਦੀ ਮਰ ਗਈ ਗ਼ੈਰਤ,
ਈਮਾਨ ਆਪਣਾ ਵੇਚਿਆ ਉਸਨੇ।

ਕਾਰਣ ਤਾਂ ਦੱਸੇ ਬੇਰੁਖ਼ੀ ਦਾ ਉਹ,
ਬੈਰੰਗ ਪੱਤਰ ਭੇਜਿਆ ਉਸਨੇ।

ਕੱਟਣ ਤੋਂ ਪਿੱਛੋਂ ਉਹ ਕਰੇ ਮਿਣਤੀ,
ਬੋਲਣ ਤੋਂ ਪਿੱਛੋਂ ਸੋਚਿਆ ਉਸਨੇ।

ਕੀਤੀ ਕਮਾਈ ਮਾਰਕੇ ਡੰਡੀ,
ਸੌਦਾ ਸਦਾ ਘਟ ਤੋਲਿਆ ਉਸਨੇ।

ਪਹਿਲਾਂ ਤਾਂ ਲਟਕਾਉਂਦਾ ਰਿਹਾ ਮੈਨੂੰ,
ਫਿਰ ਅੰਤ ਵਿਚ ਸਿਰ ਫੇਰਿਆ ਉਸਨੇ।

ਮਾਯੂਸ ਹੋ ਕੇ ਤੁਰ ਪਿਆ ਮੈਂ, ਪਰ
ਇਕ ਵਾਰ ਵੀ ਨਾ ਰੋਕਿਆ ਉਸਨੇ।

ਪੁੱਛਦਾ ਰਿਹਾਂ, ਪਰ ਚੁਪ ਰਿਹਾ 'ਹਿਰਖੀ',
ਉੱਤਰ 'ਚ ਕੁਝ ਨਾ ਆਖਿਆ ਉਸਨੇ।

*

ਹਿਜਰ ਦਾ ਝਟਕਾ ਦੇ ਕੇ ਉਹ ਤੁਰਦਾ ਹੋਇਆ।
ਉਸਦੇ ਜਾਣ ਤੋਂ ਪਿੱਛੋਂ ਮੈਂ ਮੁਰਦਾ ਹੋਇਆ।

ਮੇਰੇ ਗੁੱਸੇ ਨੂੰ ਉਹ ਭੰਡੇਂ ਘਰ – ਘਰ ਜਾ ਕੇ,
ਅਜ ਤਕ ਉਹ ਵੀ ਕਦ ਠੰਡੇ ਸੁਰ ਦਾ ਹੋਇਆ ?

ਇਸ਼ਕ 'ਚ ਦਿੱਤਾ ਧੋਖਾ ਮੈਨੂੰ ਮਹਿਰਮ ਨੇ,
ਦੇਖ ਲਵੋ ਦਿਲ ਨੈਣਾਂ 'ਚੋਂ ਖੁਰਦਾ ਹੋਇਆ।

ਦਿਲ ਨੂੰ ਢਾਰਸ ਦੇਣ ਲਈ ਮੈਂ ਪੀਤੀ, ਪਰ
ਕਮਜ਼ੋਰ ਜਿਗਰ ਤੇ ਲਿੱਸਾ ਗੁਰਦਾ ਹੋਇਆ।

ਸਾਥ ਨਿਭਾਉਣਾ, ਨਾਲ਼ ਮਰਾਂਗੇ, ਗੱਲਾਂ ਨੇ,
ਕਿਸਦਾ ਸਾਥ ਅਜੇ ਤਕ ਹੈ ਧੁਰ ਦਾ ਹੋਇਆ ?

ਮੇਰੇ ਨਾਲ਼ ਰਿਹਾ ਤਾਂ ਚੰਗਾ ਸੀ, ਲੇਕਿਨ
ਹੁਣ ਜੀਵਨ ਪਿਐ ਬਿਤਾਉਂਦਾ ਭੁਰਦਾ ਹੋਇਆ।

ਹੋਇਆ ਵਸਲ ਪਰਾਪਤ ਮੁੜਕੇ ਜਾਨ ਪਈ,
ਬੇਸੁਰ ਜੀਵਨ ਹੁਣ ਜਾ ਕੇ ਸੁਰ ਦਾ ਹੋਇਆ।

ਮੇਰਾ ਜੀਣਾ ਦੁੱਭਰ ਕੀਤਾ ਇਸ ਹੱਦ ਤਕ,
ਜਿਉਂਦੇ ਜੀਅ ਮੈਂ ਤਾਂ ਖ਼ਾਕ ਸਪੁਰਦਾ ਹੋਇਆ।

ਉਸਨੇ ਕੀਤੀ ਮਨ – ਆਈ ਮੇਰੇ ਪਿੱਛੋਂ,
ਕਹਿੰਦਾ ਚੰਗਾ ਹੈ 'ਹਿਰਖੀ' ਤੁਰਦਾ ਹੋਇਆ।

*

ਜਲਦਬਾਜ਼ੀ ਖਰੀ ਨਹੀਂ ਹੁੰਦੀ।
ਕਾਹਲ ਵਿਚ ਗਲ ਸਹੀ ਨਹੀਂ ਹੁੰਦੀ।

ਦਿਲ 'ਚ ਗੁੱਸਾ ਲਈ ਫਿਰੋਗੇ ਤਾਂ,
ਸੋਚ ਠੰਡੀ ਕਦੀ ਨਹੀਂ ਹੁੰਦੀ।

ਜਦ ਢਲ਼ੀ ਉਮਰ, ਢਲ਼ ਗਿਆ ਜੋਬਨ,
ਮੁਖ 'ਤੇ ਹੁਣ ਤਾਜ਼ਗੀ ਨਹੀਂ ਹੁੰਦੀ।

ਤੁਰ ਗਿਆ ਉਹ ਭਵਾਂ ਜੁਦਾ ਹੋ ਕੇ,
ਯਾਦ ਮਨ 'ਚੋਂ ਜੁਦੀ ਨਹੀਂ ਹੁੰਦੀ।

ਆਪ ਹੁੰਦੇ ਹਾਂ ਓਪਰੇ ਆਪਾਂ,
ਥਾਂ ਕੁਈ ਓਪਰੀ ਨਹੀਂ ਹੁੰਦੀ।

ਮਨ 'ਚ ਹੰਕਾਰ, ਲੋਭ, ਲਾਲਚ ਹੈ,
ਤਾਹੀਂ ਦੁਨੀਆ ਸੁਖੀ ਨਹੀਂ ਹੁੰਦੀ।

ਰਾਤ ਸਿਰ 'ਤੇ ਖੜ੍ਹੀ ਦਿਸੇ ਮੈਨੂੰ,
ਸ਼ਾਮ ਹਾਲੇ ਢਲ਼ੀ ਨਹੀਂ ਹੁੰਦੀ।

ਨੈਣ ਘੁਟ ਕੇ ਵੀ ਮੀਟ ਕੇ ਦੇਖੇ,
ਫਿਰ ਵੀ ਬਿਰਤੀ ਜੁੜੀ ਨਹੀਂ ਹੁੰਦੀ।

ਉਹ ਨਹੀਂ ਆਪ ਜਿਸ ਜਗ੍ਹਾ 'ਹਿਰਖੀ',
ਉਸ ਜਗ੍ਹਾ ਜ਼ਿੰਦਗੀ ਨਹੀਂ ਹੁੰਦੀ।

*

ਸਭ ਝੱਲੀਆਂ ਜੋ ਹੁਣ ਤੀਕ ਸਜ਼ਾਵਾਂ ਮਿਲ਼ੀਆਂ।
ਉਲਫ਼ਤ 'ਚੋਂ ਪੀੜਾਂ ਨਾਲ਼ ਦੁਆਵਾਂ ਮਿਲ਼ੀਆਂ।

ਇਸ਼ਕ ਦੇ ਤਾਂ ਹੀ ਜ਼ਖ਼ਮ ਹਰੇ ਨੇ ਹੁਣ ਤਾਂਈਂ,
ਸੁਲਘ ਰਹੀ ਅਗ ਨੂੰ ਰੋਜ਼ ਹਵਾਵਾਂ ਮਿਲ਼ੀਆਂ।

ਅੱਖਾਂ ਮਿਲ਼ੀਆਂ ਤਾਂ ਮਨ ਸਾਡੇ ਭਟਕ ਗਏ,
ਕੀ ਨਿਭਣੀ ਸੀ ਜਦ ਨਾ ਰੇਖਾਵਾਂ ਮਿਲ਼ੀਆਂ ?

ਗਲ – ਗਲ ਉੱਤੇ ਕਰਦਾ ਹੈ ਝਗੜੇ – ਝੇੜੇ,
ਇਕ ਵੀ ਮਸਲੇ 'ਤੇ ਨਈਂ ਦੋ ਰਾਵਾਂ ਮਿਲ਼ੀਆਂ।

ਜਿੱਦਾਂ – ਕਿੱਦਾਂ ਟਾਲ਼ ਗਿਆ ਮੈਂ ਸਭਨਾ ਨੂੰ,
ਜੀਵਨ ਵਿਚ ਹੁਣ ਤਕ ਬਹੁਤ ਬਲਾਵਾਂ ਮਿਲ਼ੀਆਂ।

ਸਿਰ 'ਤੇ ਤਪਦਾ ਸੂਰਜ ਤੁਰਿਆ ਨਾਲ਼ ਮਿਰੇ,
ਰਸਤੇ ਵਿਚ ਮੈਨੂੰ ਤੇਜ਼ ਹਵਾਵਾਂ ਮਿਲ਼ੀਆਂ।

ਸ਼ਾਮ ਪਈ 'ਤੇ ਮਿਲ਼ੀਆਂ ਵੀ ਤਾਂ ਕੀ ਫ਼ਾਇਦਾ ?
ਸਿਖਰ ਦੁਪਹਿਰੇ ਹੀ ਨਾ ਜਦ ਛਾਵਾਂ ਮਿਲ਼ੀਆਂ।

ਲੋਕੀ ਕਹਿਣ ਕਿ ਹੋਇਐ ਭਗਤ ਅਲੋਪ ਕਿਤੇ,
ਭਗਵਾਂ ਚੋਲ਼ਾ ਤੇ ਨਾਲ਼ ਖੜਾਵਾਂ ਮਿਲ਼ੀਆਂ।

'ਹਿਰਖੀ' ਬਾਅਦ ਉਦ੍ਹੀ ਅਲਮਾਰੀ ਫੋਲੀ ਤਾਂ,
ਨੋਟਾਂ ਦੀ ਥਾਂ ਗ਼ਜ਼ਲਾਂ, ਕਵਿਤਾਵਾਂ ਮਿਲ਼ੀਆਂ।

*

ਐਵੇਂ ਹੀ ਲਗਦੇ ਥੋੜ੍ਹੇ, ਬੰਦੇ ਅਨੇਕ ਹਨ।
ਦੁਖ ਦਰਦ ਜੋ ਵੰਡਾਉਂਦੇ, ਬੰਦੇ ਅਨੇਕ ਹਨ।

ਕਹਿੰਦੇ ਨੇ ਏਸ ਜਗ 'ਤੇ, ਬੰਦੇ ਅਨੇਕ ਹਨ।
ਬਣਦੇ ਨਹੀਂ ਜੋ ਬੰਦੇ, ਬੰਦੇ ਅਨੇਕ ਹਨ।

ਭੜਕਾ ਰਹੇ ਨੇ ਸਭ ਨੂੰ, ਖ਼ੁਦਗਰਜ਼ ਲੋਕ ਜੋ,
ਭੈੜੇ ਜਨੂੰਨ ਵਾਲ਼ੇ, ਬੰਦੇ ਅਨੇਕ ਹਨ।

ਗ਼ੈਰਤ ਅਜੇ ਹੈ ਜ਼ਿੰਦਾ, ਗ਼ੈਰਤ ਮਰੀ ਨਹੀਂ,
ਲੋਕਾਂ ਲਈ ਜੋ ਮਰਦੇ, ਬੰਦੇ ਅਨੇਕ ਹਨ।

ਮਾਹੌਲ ਇਸ ਤਰ੍ਹਾਂ ਦਾ, ਹੋਇਆ ਏ ਹਰ ਜਗ੍ਹਾ,
ਪਰਛਾਵਿਆਂ ਤੋਂ ਡਰਦੇ, ਬੰਦੇ ਅਨੇਕ ਹਨ।

ਏਸੇ 'ਚ ਹੈ ਭਲਾਈ, ਚੁਪਚਾਪ ਸਹਿ ਸਿਤਮ,
ਬਿਨ ਆਈ ਮੌਤ ਮਰਦੇ, ਬੰਦੇ ਅਨੇਕ ਹਨ।

ਦੁਨੀਆਂ 'ਤੇ ਆਉਣਾ-ਜਾਣਾ, ਦਸਤੂਰ ਹੈ ਜਨਾਬ,
ਡਰ - ਡਰ ਕੇ ਜੀਣ ਵਾਲ਼ੇ, ਬੰਦੇ ਅਨੇਕ ਹਨ।

ਚੁਪ-ਚਾਪ ਸਹਿ ਰਿਹਾ ਹਾਂ, ਅਜਕਲ ਵਧੀਕੀਆਂ,
ਜੋ ਮੇਰੇ ਵਾਂਗ ਦਬਦੇ, ਬੰਦੇ ਅਨੇਕ ਹਨ।

ਹਿੰਮਤ ਨਹੀਂ ਹੈ ਪੈਂਦੀ, 'ਹਿਰਖੀ' ਮੈਂ ਨਾ ਕਹਾਂ ?
ਪਾਣੀ ਉਨ੍ਹਾਂ ਦਾ ਭਰਦੇ, ਬੰਦੇ ਅਨੇਕ ਹਨ।

*

ਜੀਣ ਦਾ ਕੋਈ ਹੱਜ ਨਹੀਂ।
ਓਦਾਂ ਆਉਂਦਾ ਰੱਜ ਨਹੀਂ।

ਇਕ ਦਿਨ ਸਭ ਨੇ ਜਾਣਾ ਹੈ,
ਕੀ ਹੋਇਆ ਜੇ ਅੱਜ ਨਹੀਂ।

ਮੂੰਹ – ਫਟ ਕਿੱਦਾਂ ਹੋ ਜਾਵਾਂ ?
ਏਨਾ ਮੈਂ ਨਿਰਲੱਜ ਨਹੀਂ।

'ਵਾ ਚੱਲੀ 'ਤੇ ਖੜਕਾਂਗਾ ?
ਮੈਂ ਤਾਂ ਹੌਲ਼ਾ ਛੱਜ ਨਹੀਂ।

ਰੁੱਸਿਆ ਯਾਰ ਮਨਾਉਣੇ ਦਾ,
ਮੈਨੂੰ ਬਹੁਤਾ ਚੱਜ ਨਹੀਂ।

ਤੂੰ ਕਿਉਂ ਮੈਨੂੰ ਪਰਖੇਂਗਾ ?
ਤੂੰ ਤਾਂ ਲੱਗਿਆ ਜੱਜ ਨਹੀਂ।

ਪੈਸਾ ਕਮੀਆਂ ਢਕ ਲੈਂਦੈ,
ਓਦਾਂ ਕਿਸ ਵਿਚ ਕੱਜ ਨਹੀਂ ?

ਬਰਸੇਂਗਾ ਤਾਂ ਬਰਸ ਕਦੀ,
ਐਵੇਂ ਸੁੱਕਾ ਗੱਜ ਨਹੀਂ।

ਡਟ ਕੇ ਖੜ੍ਹ ਜਾ ਐ 'ਹਿਰਖੀ'!
ਇਉਂ ਮੈਦਾਨੋ ਭੱਜ ਨਹੀਂ।

*

ਇਸ਼ਕ ਵਲ੍ਹ ਨੂੰ ਉਲਾਰ ਹੋ ਕੇ।
ਘਰ ਮੁੜੇ ਹਾਂ ਖ਼ੁਆਰ ਹੋ ਕੇ।

ਕਹਿਣ ਵੇਲੇ ਜ਼ੁਬਾਂ ਨਾ ਹਿੱਲੀ,
ਉੱਂ ਗਿਆ ਸਾਂ ਤਿਆਰ ਹੋ ਕੇ।

ਦੀਦ ਉਸਦੀ ਲਈ ਤਿਹਾਇਆਂ,
ਜੀਅ ਰਿਹਾਂ ਬੇਕਰਾਰ ਹੋ ਕੇ।

ਜ਼ਿੰਦਗੀ ਮੈਂ ਇਵੇਂ ਬਿਤਾਈ,
ਫੁੱਲ ਦੇ ਨਾਲ਼ ਖ਼ਾਰ ਹੋ ਕੇ।

ਇਸ਼ਕ ਦਾ ਤਾਪ ਲਹਿਣ ਪਿੱਛੋਂ,
ਬੈਠਿਆਂ ਠੰਡਾ - ਠਾਰ ਹੋ ਕੇ।

ਪਾਰ ਲੰਘਣ ਦੇ ਗੁਰ ਜੋ ਦੱਸਣ,
ਖ਼ੁਦ ਵਿਖਾਲਣ ਉਹ ਪਾਰ ਹੋ ਕੇ।

ਕੀ ਪਤਾ ਸੀ ਕਿ ਰੋਣਗੇ ਦਿਲ,
ਨੈਣ ਦੋਹਾਂ ਦੇ ਚਾਰ ਹੋ ਕੇ।

ਲੋੜ ਵੇਲ਼ੇ ਤਾਂ ਨਾਲ਼ ਸਨ, ਪਰ
ਮੂੰਹ ਫੇਰੇ ਉਡਾਰ ਹੋ ਕੇ।

ਕਰ ਨਾ ਸਕਿਆਂ ਇਲਾਜ 'ਹਿਰਖੀ',
ਆ ਗਿਆਂ ਖ਼ੁਦ ਬਿਮਾਰ ਹੋ ਕੇ।

*

ਦਇਆ ਕਰ , ਐ ਮੇਰੇ ਖ਼ੁਦਾ !
ਮੁਹੱਬਤ ਦਾ ਰਸਤਾ ਦਿਖਾ !

ਮੈਂ ਕੀਤੀ ਏ ਕੇਹੀ ਖ਼ਤਾ ?
ਤੂੰ ਦਿੰਨਾ ਏਂ ਜਿਸਦੀ ਸਜ਼ਾ !

ਉਨ੍ਹੇ ਰੰਗ ਦਿੱਤੇ ਦਿਖਾ।
ਮਿਰਾ ਭਰਮ ਜਾਂਦਾ ਰਿਹਾ।

ਬਿਨਾ ਬੋਲਿਆਂ, ਜਾਣਦੈਂ ?
ਤਾਂ ਮੈਥੋਂ ਨਾ ਮੂੰਹੋਂ ਕਹਾ !

ਖ਼ੁਸ਼ੀ ਬਖ਼ਸ਼ , ਮੁਸਕਾਨ ਵੀ ,
ਨਹੀਂ ਤਾਂ ਜਹਾਨੋਂ ਉਠਾ !

ਕੁਈ ਖਟਖਟਾਉਂਦਾ ਹੈ ਦਰ ?
ਜਾਂ ਲੰਘੀ ਹੈ ਨਟਖ਼ਟ ਹਵਾ !

ਉਹ ਖ਼ਾਬਾਂ 'ਚ ਆਉਂਦੈ ਜਦੋਂ ,
ਮਿਰਾ ਤਨ ਬਦਨ ਮਹਿਕਦਾ।

ਹਕੀਕ਼ਤ , ਹਕੀਕ਼ਤ ਰਹੂ ,
ਤੂੰ ਗੱਲਾਂ ਨਾ ਕੋ਼ਲੋਂ ਬਣਾ।

ਉਦ੍ਹੀ ਬਾਤ 'ਹਿਰਖੀ' ਨਾ ਕਰ ,
ਜੋ ਖ਼ੁਦ ਬਾਤ ਪੁੱਛੇ ਵੀ ਨਾ।

*

ਦੋਸਤਾ ! ਤੂੰ ਖਰੀ ਨਹੀਂ ਕੀਤੀ ।
ਤੂੰ ਦਿਲੋਂ ਦੋਸਤੀ ਨਹੀਂ ਕੀਤੀ ।

ਇਸ਼ਕ ਪਰਵਾਨ ਕਿਸ ਤਰ੍ਹਾਂ ਚੜ੍ਹਦਾ?
ਤੂੰ ਜ਼ਫ਼ਾ ਕਿਸ ਘੜੀ ਨਹੀਂ ਕੀਤੀ ?

ਲਾਰਿਆਂ 'ਤੇ ਕਿਵੇਂ ਟਿਕੇ ਉਲ਼ਫ਼ਤ ?
ਤੂੰ ਜੋ ਮੂੰਹੋਂ ਕਹੀ , ਨਹੀਂ ਕੀਤੀ ।

ਘਰ ਅਜੇ ਵੰਡਿਐ ਭਰਾਵਾਂ ਨੇ ,
ਕੰਧ ਅਜੇ ਖੜ੍ਹੀ ਨਹੀਂ ਕੀਤੀ ।

ਹਰ ਕਿਸੇ ਨੂੰ ਤੂੰ ਲੁੱਟਿਐ ਅਜ ਤਕ ,
ਕਹਿ ਦੇ ਧੋਖਾਧੜੀ ਨਹੀਂ ਕੀਤੀ ।

ਮੈਂ ਇਬਾਦਤ ਕਰਾਂ ਬਿਨਾ ਨਾਗਾ ,
ਮੈਂ ਦੁਆ ਕਿਸ ਘੜੀ ਨਹੀਂ ਕੀਤੀ ?

ਮੈਂ ਤਾਂ 'ਹਿਰਖੀ' ਹਾਂ ਜੋੜਦਾ ਰਿਸ਼ਤੇ ,
ਰਿਸ਼ਤਿਆਂ ਵਿਚ ਤੜ੍ਹੀ ਨਹੀਂ ਕੀਤੀ ।

*

ਦਰਦ ਦੀ ਬਹੁਤਾਤ ਹੋਈ।
ਰਾਤ ਦਿਨ ਬਰਸਾਤ ਹੋਈ।

ਹਿਜਰ ਨੇ ਬੇਚੈਨ ਰੱਖਿਆ,
ਬਹੁਤ ਲੰਮੀਂ ਰਾਤ ਹੋਈ।

ਵਿਚ ਉਡੀਕਾਂ ਰਾਤ ਲੰਘੀ,
ਇਸ ਤਰ੍ਹਾਂ ਪਰਭਾਤ ਹੋਈ।

ਉਹ ਜੁ ਆਇਆ, ਖਿੜ ਗਿਆ ਦਿਲ,
ਜਿਉਂ ਮਿਲਣ ਸੌਗਾਤ ਹੋਈ।

ਸਾਹਮਣੇ ਸਭ ਦੇ ਰਹੇ ਚੁਪ,
ਨੈਣੋਂ - ਨੈਣੀਂ ਬਾਤ ਹੋਈ।

ਹੂੰ - ਹਾਂ ਹੀ ਕਰਦਾ ਰਿਹਾ ਉਹ,
ਇਹ ਵੀ ਕੈਸੀ ਬਾਤ ਹੋਈ ?

ਉਲਟ ਪਾਸੇ ਜਾ ਖੜ੍ਹਾ ਉਹ,
ਜਿੱਤੀ ਬਾਜ਼ੀ ਮਾਤ ਹੋਈ।

ਜੋ ਜ਼ੁਬਾਂ ਦੇ ਕੇ ਬਦਲਦੈ,
ਉਸਦੀ ਕੀ ਔਕ਼ਾਤ ਹੋਈ ?

ਭੁਲ ਗਿਆ ਇਕਰਾਰ 'ਹਿਰਖੀ',
ਢਲ਼ ਗਿਆ ਦਿਨ, ਰਾਤ ਹੋਈ।

*

ਯਾਦ ਆਉਂਦੈ ਬੜਾ , ਸ਼ਾਮ ਦਾ ਵਕ਼ਤ ਹੈ।
ਦੂਰ ਦਿਨ ਦਾ ਚੜ੍ਹਾ , ਸ਼ਾਮ ਦਾ ਵਕ਼ਤ ਹੈ।

ਉਮਰ ਤਾਂ ਹਿਜਰ ਵਿਚ ਬੀਤ ਚੁੱਕੀ ਮਿਰੀ ,
ਵਸਲ ਦਾ ਫੁੱਲ ਖਿੜਾ , ਸ਼ਾਮ ਦਾ ਵਕ਼ਤ ਹੈ।

ਹੋਸ਼ ਕਰ ਤੂੰ ਦਿਲਾ ! ਸਬਰ ਕਰ , ਜ਼ਬਤ ਕਰ ,
ਐਂ ਨਾ ਤੂੰ ਫੜਫੜਾ , ਸ਼ਾਮ ਦਾ ਵਕ਼ਤ ਹੈ।

ਮੈਅ ਸਹਾਰੇ ਮਿਰੀ ਰਾਤ ਲੰਘੇ ਸਦਾ ,
ਮੈ ਰਿਹਾਂ ਲੜਖੜਾ , ਸ਼ਾਮ ਦਾ ਵਕ਼ਤ ਹੈ।

ਜੋੜਿਆ ਸੀ ਮਸਾਂ , ਉਮਰ ਵੀ ਲਗ ਗਈ ,
ਘਿਉ ਦਾ ਰੁੜ੍ਹਿਐ ਘੜਾ , ਸ਼ਾਮ ਦਾ ਵਕ਼ਤ ਹੈ।

ਰੂਹ ਦਾ ਮੇਲ ਹੈਂ ਤੂੰ ਮਗਰ , ਕੀ ਕਰਾਂ ?
ਡਰ ਵੀ ਲਗਦੈ ਬੜਾ , ਸ਼ਾਮ ਦਾ ਵਕ਼ਤ ਹੈ।

ਆ ਮਿਲਣ ਮਹਿਰਮਾਂ ! ਆ ਮਿਰੇ 'ਹਿਰਖੀਆ' !
ਮੈਂ ਉਡੀਕਾਂ ਖੜ੍ਹਾ , ਸ਼ਾਮ ਦਾ ਵਕ਼ਤ ਹੈ।

*

ਈਰਖਾ ਦਾ ਪਾਠ ਨਾ ਸਾਨੂੰ ਪੜ੍ਹਾ !
ਹੋ ਸਕੇ ਤਾਂ ਪਿਆਰ ਦਾ ਰਸਤਾ ਦਿਖਾ ।

ਸਿਰ ਕਲਮ ਕਰਦੇ , ਭਵਾਂ ਆਰੇ ਚਲਾ ।
ਪੁਰਖਿਆਂ ਦਾ ਖ਼ੂਨ ਠੰਡਾ ਨਈਂ ਪਿਆ ।

ਦੁੱਧ ਦਾ ਧੋਤਾ ਅਗਰ ਤੂੰ ਹੈਂ , ਤਾਂ ਕਹਿ ,
ਮੇਰੀਆਂ ਹੀ ਤੂੰ ਬੁਰਾਈਆਂ ਨਾ ਗਿਣਾ ।

ਰੋਜ਼ ਰਹਿਣਾ ਝੂਰਦੇ , ਚੰਗਾ ਨਹੀਂ ,
ਹੈ ਅਗਰ ਹਿੰਮਤ , ਨਵਾਂ ਸੂਰਜ ਉਗਾ ।

ਉਸ ਦੀਆਂ ਤਾਂ ਉਮਰ ਭਰ ਸੁਣੀਆਂ ਅਸੀਂ ,
ਇਕ ਸੁਣੀ ਜਦ ਮੋੜਵੀਂ , ਤੜ੍ਹ ਖਾ ਗਿਆ ।

ਛੁਪ - ਛੁਪਾ ਕੇ ਵਾਰ ਕਰਨੇ ਛਡ ਦਵੇ ,
ਸਾਹਮਣੇ ਆਵੇ , ਤਾਂ ਫਿਰ ਆਏ ਮਜ਼ਾ ।

ਜੀਣ ਦੇ ਉਪਰਾਲਿਆਂ ਵਿਚ ਮੁੱਕ ਗਈ ,
ਜ਼ਿੰਦਗੀ ਨੂੰ ਮਾਨਣਾ ਪਾਸੇ ਰਿਹਾ ।

ਮਰਨ ਦਾ ਨਾ ਵਿਹਲ ਹੈ , ਨਾ ਮਨ ਕਰੇ ,
ਉਮਰ ਲੰਮੀਂ ਜੀਣ ਦੀ ਹੈ ਲਾਲਸਾ ।

ਦਰਦ , ਗ਼ਮ , 'ਹਿਰਖੀ' ਸਦਾ ਸਸਤੇ ਮਿਲੇ ,
ਸੁਖ ਦਾ ਹਰ ਪਲ ਤਾਂ ਬੜਾ ਮਹਿੰਗਾ ਪਿਆ ।

*

ਲੜਾਈ ਨਾ ਝਗੜਾ ਨਾ ਰੋਸਾ ਗਿਲਾ।
ਦਿਲਾ ! ਬੇਵਫ਼ਾ ਥੀਂ ਨਾ ਗੁੱਸਾ ਰਿਹਾ।

ਉਨ੍ਹੇ ਸਿਰ 'ਚ ਮੇਰੇ ਹੈ ਕੀ ਧੂੜਿਆ ?
ਜੋ ਸੁਪਨੇ ਦਿਖਾਏ, ਮੈਂ ਦੇਖੀ ਗਿਆ।

ਕਿਵੇਂ ਦੋਸ਼ ਦੇਵਾਂ ਤੁਹਾਨੂੰ ਇਦ੍ਹਾ ?
ਮੈਂ ਪਾਈ ਹੈ ਅਪਣੀ ਵਫ਼ਾ ਦੀ ਸਜ਼ਾ।

ਉਦ੍ਹਾ ਸੁਧਰ ਜਾਣਾ ਅਸੰਭਵ ਕਹੋ,
ਜੋ ਖਾ ਕੇ ਵੀ ਚੋਟਾਂ ਨਹੀਂ ਸੰਭਲਿਆ।

ਮਿਰਾ ਵਣਜ ਵਧਿਆ, ਨਾ ਉਲਫ਼ਤ ਵਧੀ,
ਕਿ ਮੈਨੂੰ ਤਾਂ ਦੋਹਾਂ 'ਚ ਘਾਟਾ ਪਿਆ।

ਮਿਰੇ ਦਿਲ 'ਚ ਹਲਚਲ ਮਚਾ ਕੇ ਗਈ,
ਜੋ ਕੋਲ਼ੋਂ ਦੀ ਲੰਘੀ ਹੈ ਨਟਖਟ ਹਵਾ।

ਨਜ਼ਰ ਓਸਨੂੰ ਹੈ ਸਦਾ ਢੂੰਡਦੀ,
ਜੋ ਚਿਹਰਾ ਮੈਂ ਖ਼ਾਬਾਂ 'ਚ ਨਿਤ ਦੇਖਿਆ।

ਤਿਰੀ ਯਾਦ ਨਾ ਹੀ ਭੁਲਾਈ ਗਈ,
ਨਾ ਕਿਤਿਉਂ ਵੀ ਮਿਲ਼ਿਆ ਤਿਰਾ ਥਹੁ ਪਤਾ।

ਮਿਰੇ ਨਾਲ਼ 'ਹਿਰਖੀ' ਤੂੰ ਹਰ ਪਲ ਰਿਹੈਂ,
ਮਿਰੀ ਹੀ ਨਜ਼ਰ 'ਤੇ ਹੈ ਪਰਦਾ ਪਿਆ।

*

ਦਰਦ ਹੈ ਦਿਲ ਨੂੰ ਚੀਰਦਾ ਮਾੜਾ।
ਨੈਣੋਂ ਵਗਣਾ ਹੈ ਨੀਰ ਦਾ ਮਾੜਾ।

ਹਾਲ ਰਾਂਝੇ ਦਾ ਵੀ ਨਾ ਹੀ ਪੁੱਛੋ,
ਹਾਲ ਓਧਰ ਹੈ ਹੀਰ ਦਾ ਮਾੜਾ।

ਲੋਕ ਪੁਛਦੇ ਨਹੀਂ ਉਨ੍ਹੂੰ ਅਜਕਲ,
ਵਕ਼ਤ ਚਲਦੈ ਫ਼ਕੀਰ ਦਾ ਮਾੜਾ।

ਫਿਕਰ ਦੇ ਘੁਣ ਨੇ ਖਾ ਲਿਐ ਮੈਨੂੰ,
ਹਾਲ ਹੋਇਐ ਸਰੀਰ ਦਾ ਮਾੜਾ।

ਹੈ ਗ਼ਰੀਬੀ ਗ਼ਰੀਬ ਦੀ ਮਾੜੀ,
ਦਬਦਬਾ ਹੈ ਅਮੀਰ ਦਾ ਮਾੜਾ।

ਦੀਨ ਮਜ਼ਹਬ ਨਹੀਂ ਰਿਹਾ ਅਜਕਲ,
ਹਾਲ ਹੋਇਐ ਜ਼ਮੀਰ ਦਾ ਮਾੜਾ।

ਰਹਿਬਰੀ, ਰਹਿਜ਼ਨੀ ਹੈ ਰਲ਼ਗਡ ਹੁਣ,
ਜੀਣ ਤਾਂ ਰਾਹਗੀਰ ਦਾ ਮਾੜਾ।

ਅੱਤ ਕਰ ਲੈ ਮਗਰ ਨਾ ਭੁਲ ਜਾਵੀਂ,
ਹਾਲ ਹੋਣੈਂ ਅਖ਼ੀਰ ਦਾ ਮਾੜਾ।

ਵਕ਼ਤ ਕਲਯੁਗ ਦਾ ਚਲ ਰਿਹੈ 'ਹਿਰਖੀ',
ਵੀਰ ਕਰਦਾ ਹੈ ਵੀਰ ਦਾ ਮਾੜਾ।

*

ਕਿਸੇ ਦੀ ਬੇਰੁਖ਼ੀ ਮੈਨੂੰ, ਬੜਾ ਬੇਚੈਨ ਕਰਦੀ ਹੈ।
ਦਿਲਾ ! ਤੇਰੀ ਖ਼ੁਸ਼ੀ ਮੈਨੂੰ, ਬੜਾ ਬੇਚੈਨ ਕਰਦੀ ਹੈ।

ਤੁਹਾਡੀ ਸਾਂਝ ਨੇ ਮੇਰਾ, ਬੜਾ ਨੁਕਸਾਨ ਕੀਤਾ ਏ,
ਤੁਹਾਡੀ ਦਿਲਲਗੀ ਮੈਨੂੰ, ਬੜਾ ਬੇਚੈਨ ਕਰਦੀ ਹੈ।

ਮਿਲਣ ਜਦ ਉਹ ਕਦੀ ਤਾਂ ਕੁਝ ਕਿਹਾ ਜਾਂਦਾ ਨਹੀਂ ਮੈਥੋਂ,
ਮਿਰੀ ਇਹ ਬੇਬਸੀ ਮੈਨੂੰ, ਬੜਾ ਬੇਚੈਨ ਕਰਦੀ ਹੈ।

ਕਿਸੇ ਦੇ ਹਿਜਰ ਵਿਚ ਨੇਰ੍ਹਾ, ਮਿਰੇ ਦਿਲ ਉੱਤੇ ਛਾਇਆ ਹੈ,
ਤਦੇ ਇਹ ਰੌਸ਼ਨੀ ਮੈਨੂੰ, ਬੜਾ ਬੇਚੈਨ ਕਰਦੀ ਹੈ।

ਲਹੂ ਪੀ ਕੇ ਮਿਰਾ ਜ਼ਾਲਿਮ ! ਤੂੰ ਹਾਲੇ ਵੀ ਤਿਹਾਇਆ ਏਂ,
ਇਹ ਤੇਰੀ ਤਿਸ਼ਨਗੀ ਮੈਨੂੰ, ਬੜਾ ਬੇਚੈਨ ਕਰਦੀ ਹੈ।

ਕਲੀ ਦਾ ਦਿਲ ਕੁਈ ਤੋੜੇ, ਤਾਂ ਟੁਟ ਜਾਂਦਾ ਹੈ ਦਿਲ ਮੇਰਾ,
ਕਲੀ ਦੀ ਵਿਲਕਣੀ ਮੈਨੂੰ, ਬੜਾ ਬੇਚੈਨ ਕਰਦੀ ਹੈ।

ਨਜ਼ਰ ਫੇਰੀ ਤੂੰ ਕਿਉਂ 'ਹਿਰਖੀ', ਤੂੰ ਕਿਉਂ ਮੁਖ ਮੋੜ ਬੈਠਾ ਏਂ?
ਤਿਰੀ ਇਹ ਬੇਰੁਖ਼ੀ ਮੈਨੂੰ, ਬੜਾ ਬੇਚੈਨ ਕਰਦੀ ਹੈ।

*

ਤਿਤਲੀ ਕਿੰਝ ਰਸ ਚੂਸਦੀ , ਟਹਿਣੀ ਗਈ ਸੀ ਹਿੱਲ।
ਚੀਰੇ ਪੰਖ ਸੀ ਕੰਡਿਆਂ , ਦਿੱਤੀ ਰੂਹ ਤਕ ਛਿੱਲ।

ਹਿੰਮਤ ਕਦੀ ਨਾ ਹਾਰਨੀ , ਟਲਣ ਬਲਾਵਾਂ ਆਪ ,
ਲੋਕੀ ਹਾਰੀ ਜਾਣਗੇ , ਲਾ - ਲਾ ਸਾਰੇ ਟਿੱਲ।

ਅੱਲ੍ਹਾ ਰੱਖੇ ਦੋਸਤੋ ! ਕਿਸਨੂੰ ਦੇਈਏ ਦੋਸ਼ ?
ਦੇਖ ! ਜ਼ਮਾਨਾ ਬਿਗੜਿਆ , ਲੈ ਕੇ ਬਹੁਤੀ ਢਿੱਲ।

ਦੁਨੀਆ ਦਾ ਦਸਤੂਰ ਤਾਂ , ਮੇਰੀ ਸਮਝੋਂ ਦੂਰ ,
ਕੁਝ ਸਮਝਾਂ , ਨਾ ਜਾਣਦਾਂ , ਮੈਂ ਹਾਂ ਸਮਝੋ ਨਿੱਲ।

ਕਰਨ ਕਮਾਈਆਂ ਬਹੁਤ ਪਰ , ਖ਼ਾਤੇ ਫਿਰ ਵੀ ਖ਼ੁਸ਼ਕ ,
ਖਰਚੇ ਨੇ ਸਾਹ ਸੂਤਦੇ , ਪਾਉਣ ਨਾ ਨਾਗੇ ਬਿੱਲ।

ਬੰਦਾ ਓਹੀ ਡੋਲਦਾ , ਜਿਸਦਾ ਮਨ ਕਮਜ਼ੋਰ ,
ਰੱਖ ਇਰਾਦਾ ਠੋਸ ਤੂੰ , ਵਚਨਾਂ ਤੋਂ ਨਾ ਹਿੱਲ।

ਸੁਣੋ ਕਹਾਣੀ ਇਸ਼ਕ ਦੀ , ਬਿਰਹਾ ਹੈ ਸੁਲਤਾਨ ,
'ਹਿਰਖੀ' ਹਿਜਰ 'ਚ ਸੁਕ ਗਿਆ, ਨੈਣੀਂ ਉਸਦੇ ਗਿੱਲ।

*

ਘੋਰ ਉਦਾਸੀ ਘੇਰੇ , ਤਿਰਕਾਲ਼ਾਂ ਵੇਲ਼ੇ।
ਕਰਦੀ ਅਸਰ ਵਧੇਰੇ , ਤਿਰਕਾਲ਼ਾਂ ਵੇਲ਼ੇ।

ਹੁਣ ਤਾਂ ਦਰਦ ਹੈ ਬਣਿਆ ਹਿੱਸਾ ਜੀਵਨ ਦਾ ,
ਓਨੈ ਰਾਤ , ਸਵੇਰੇ , ਤਿਰਕਾਲ਼ਾਂ ਵੇਲ਼ੇ।

ਨੈਣ ਤਰਸਦੇ ਰਹਿੰਦੇ ਉਸਦੀ ਦੀਦ ਲਈ ,
ਦਿਲ ਵੀ ਹੰਝੂ ਕੇਰੇ , ਤਿਰਕਾਲ਼ਾਂ ਵੇਲ਼ੇ।

ਦਿਨ ਵੇਲ਼ੇ ਵੀ ਰਹਿੰਦਾ ਹੈ ਖਿਝਿਆ-ਖਿਝਿਆ,
ਨੱਕ ਬੁੱਲ੍ਹ ਵਾਧੂ ਟੇਰੇ , ਤਿਰਕਾਲ਼ਾਂ ਵੇਲ਼ੇ।

ਲੋੜ ਪਵੇ ਤਾਂ ਲੱਭਿਆਂ ਕੋਈ ਲੱਭਦਾ ਨਈਂ ,
ਓਦਾਂ ਯਾਰ ਬਥੇਰੇ , ਤਿਰਕਾਲ਼ਾਂ ਵੇਲ਼ੇ।

ਸੋਚਾਂ ਦੇ ਪਰਛਾਵੇਂ ਰਹਿੰਦੇ ਨਾਲ਼ ਸਦਾ ,
ਲੇਕਿਨ ਹੋਣ ਲੰਮੇਰੇ , ਤਿਰਕਾਲ਼ਾਂ ਵੇਲ਼ੇ।

ਲੋਕਾਂ ਦਾ ਡਰ ਨਾ ਮੌਤ ਡਰਾਵੇ ਮੈਨੂੰ ,
ਵਧ ਜਾਂਦੇ ਹਨ ਜੇਰੇ , ਤਿਰਕਾਲ਼ਾਂ ਵੇਲ਼ੇ।

ਜੀਵਨ ਦੀ ਹੈ ਸ਼ਾਮ , ਸਵੇਰਾ ਬੀਤ ਗਿਆ ,
ਨੇੜ੍ਹਾ ਦਿਸੇ ਅਗੇਰੇ , ਤਿਰਕਾਲ਼ਾਂ ਵੇਲ਼ੇ।

ਕੌਣ ਲਿਆਉਂਦੈ ਠੇਕੇ ਵਲ੍ਹ ਨੂੰ , ਰਿੰਦਾਂ ਨੂੰ ?
'ਹਿਰਖੀ' ਕੌਣ ਪਰੇਰੇ , ਤਿਰਕਾਲ਼ਾਂ ਵੇਲ਼ੇ ?

*

ਢੇਰੀ ਢਾਅ ਕੇ ਬੈਠੋਗੇ ਤਾਂ , ਛਡ ਜਾਓਗੇ ਦੁਨੀਆਂ ਛੇਤੀ।
ਹਿੰਮਤ ਰੱਖੋ , ਤੁਰਦੇ ਚੱਲੋ , ਪੂਰੇਗਾ ਉਹ ਆਸਾਂ ਛੇਤੀ।

ਮੈਂ ਤਾਂ ਇੱਕੋ ਵਾਅਦੇ ਉੱਤੇ , ਸਾਰੀ ਉਮਰਾ ਪਹਿਰਾ ਦਿੱਤਾ ,
ਇਕ ਤੂੰ ਏਂ ਜੋ ਭੁੱਲ ਜਾਂਦਾ ਏਂ , ਇਸ਼ਕ 'ਚ ਖਾ ਕੇ ਕਸਮਾਂ ਛੇਤੀ।

ਦੁਖ-ਸੁਖ ਦੋਵੇਂ ਆਉਂਦੇ ਨੇ ਪਰ , ਆਉਂਦੇ ਤੇ ਠਹਿਰਨ ਏਦਾਂ ਉਹ ,
ਗ਼ਮ ਤਾਂ ਡੇਰਾ ਲਾ ਬਹਿੰਦੇ ਨੇ , ਰੁੱਸ ਜਾਵਣ ਇਹ ਖੁਸ਼ੀਆਂ ਛੇਤੀ।

ਮੇਰਾ ਜੀਵਨ ਸੁਪਨੇ ਮਾਤਰ , ਮਹਿਕਾਂ ਭਰਿਆ , ਰੰਗ ਰੰਗੀਲਾ ,
ਸੁਪਨਾ ਟੁੱਟਦੇ ਸਾਰ ਹੀ ਹੋਵਣ , ਸਧਰਾਂ ਕਿਰਚਾਂ-ਕਿਰਚਾਂ ਛੇਤੀ।

ਸਾਨੂੰ ਜਿਉਂਦੇ ਜੀਅ ਉਹਨਾਂ ਨੇ , ਸਮਝ ਲਿਆ ਹੈ ਲਾਸ਼ਾਂ ਵਰਗੇ ,
ਤਾਂ ਹੀ ਚੱਕਰ ਕੱਢਣ ਲੱਗਣ , ਕੱਠੀਆਂ ਹੋ ਕੇ ਗਿਰਝਾਂ ਛੇਤੀ।

ਦੁਨੀਆ ਦੇ ਰਸ ਲੱਗੇ ਇਸਨੂੰ , ਹੋਰ ਕੁਈ ਰਸ ਭਾਉਂਦਾ ਨਈਂ ਹੈ ,
ਨਾਮ ਤਿਰਾ ਇਹ ਜਪਦੀ-ਜਪਦੀ , ਥੱਕ ਜਾਂਦੀ ਹੈ ਰਸਨਾਂ ਛੇਤੀ।

ਜਿੰਨਾ ਕੁਝ ਤੂੰ ਕਹਿ ਦਿੰਨਾਂ ਏਂ , ਤੂੰ ਕੀ ਜਾਣੇ ਮੈਂ ਕਿੰਝ ਸਹਿਨਾਂ ?
ਮੈਂ ਕੁਝ ਆਖ ਗਿਆਂ ਤਾਂ ਤੈਨੂੰ , ਲੱਗਣ ਲੱਗੀਆਂ ਮਿਰਚਾਂ ਛੇਤੀ।

ਏਨਾ ਵੀ ਨਾ ਭਾਵੁਕ ਹੋ ਤੂੰ , ਹਰ ਗਲ ਦਿਲ ਨੂੰ ਲਾਇਆ ਨਾ ਕਰ ,
ਤੂੰ ਦਿਲ ਥੋੜ੍ਹਾ ਕਰ ਲੈਨਾਂ ਏਂ , ਭਰਦੈਂ ਨੈਣੀਂ ਕਣੀਆਂ ਛੇਤੀ।

ਮੈਂ ਤਾਂ ਸਾਰੀ ਉਮਰਾ 'ਹਿਰਖੀ', ਵਕ਼ਤ ਉਡੀਕਾਂ ਵਿੱਚ ਗਵਾਇਆ ,
ਜਾਂਦੀ ਵਾਰੀ ਦੇਰ ਨਾ ਲਾਵੋ , ਕਰ ਛੱਡੋ ਸਭ ਰਸਮਾਂ ਛੇਤੀ।

*

ਮੁਹੱਬਤ 'ਚ ਸੌਦਾ ਉਧਾਰਾ ਨਾ ਕਰਨਾ।
ਜਾਂ ਮਨ ਆਪਣਾ ਫੇਰ ਖਾਰਾ ਨਾ ਕਰਨਾ।

ਕਿਸੇ ਨਾ ਕਿਸੇ ਦਾ, ਸਹਾਰਾ ਬਣੀਂ ਤੂੰ,
ਕਿਸੇ ਨੂੰ ਕਦੀ ਬੇਸਹਾਰਾ ਨਾ ਕਰਨਾ।

ਬਣਾਈ ਇਮਾਰਤ, ਨਹੀਂ ਨਾਲ਼ ਜਾਣੀ,
ਜ਼ਰੂਰਤ ਤੋਂ ਵਧਕੇ, ਪਸਾਰਾ ਨਾ ਕਰਨਾ।

ਨਹੀਂ ਰਾਸ ਆਉਂਦਾ, ਨਵਾਂਪਨ ਹਰਿਕ ਨੂੰ,
ਕੁਈ ਕੰਮ ਜੱਗੋਂ, ਨਿਆਰਾ ਨਾ ਕਰਨਾ।

ਨਾ ਮਨ ਮਾਰਨਾ ਤੇ, ਨਾ ਗ਼ੈਰਤ ਗਵਾਉਣੀ,
ਜ਼ਲਾਲਤ 'ਚ ਰਹਿ ਕੇ, ਗੁਜ਼ਾਰਾ ਨਾ ਕਰਨਾ।

ਜੋ ਗ਼ਲਤੀ ਤੁਹਾਤੋਂ, ਕਦੀ ਹੋ ਗਈ ਸੀ,
ਤੁਸੀਂ ਫੇਰ ਓਹੀ, ਦੁਬਾਰਾ ਨਾ ਕਰਨਾ।

ਅਗਰ ਠਹਿਰਨੇ ਦਾ, ਨਹੀਂ ਮਨ ਤੁਹਾਡਾ,
ਮਿਰੇ ਸੁਪਨਿਆਂ ਵਿਚ ਉਤਾਰਾ ਨਾ ਕਰਨਾ।

ਤੁਸੀਂ ਮਰਨ ਦੇਣਾ, ਜਦੋਂ ਮੌਤ ਆਵੇ,
ਬਚਾਉਣੇ ਦਾ ਮੈਨੂੰ, ਜੀ ਚਾਰਾ ਨਾ ਕਰਨਾ।

ਤੂੰ ਹੱਕਾਂ 'ਤੇ ਪਹਿਰਾ ਵੀ ਦਿੰਦਾ ਰਹੀਂ, ਪਰ
ਤੂੰ ਫ਼ਰਜ਼ਾਂ ਤੋਂ 'ਹਿਰਖੀ', ਕਿਨਾਰਾ ਨਾ ਕਰਨਾ।

*

ਦਿਨ ਢਲ਼ੇ ਰਾਗ ਛੇੜ ਬੈਠੇ।
ਰੋਗ ਦਿਲ ਦਾ ਸਹੇੜ ਬੈਠੇ।

ਕਰਕੇ ਕਾਹਦਾ ਹਾਂ ਨੇੜ ਬੈਠੇ ?
ਇਸ਼ਕ ਦੀ ਖੇਡ ਛੇੜ ਬੈਠੇ।

ਦਿਲ 'ਚ ਪਰਵੇਸ਼ ਹੈ ਅਸੰਭਵ ,
ਬਾਰ ਦਿਲ ਦੇ ਉਹ ਭੇੜ ਬੈਠੇ।

ਕੋਲਿਆਂ ਦੀ ਬੁਰੀ ਦਲਾਲੀ ,
ਅਪਣਾ ਦਾਮਨ ਲਬੇੜ ਬੈਠੇ।

ਹੋ ਗਏ ਜਦ ਉਹ ਬਹੁਤ ਭਾਵੁਕ ,
ਪਰਤਾਂ ਸੱਭੇ ਉਧੇੜ ਬੈਠੇ।

ਲੰਘਿਐ ਅਰਥਹੀਣ ਜੀਵਨ ,
ਗੇੜ ਕਿੱਦਾਂ ਦਾ ਗੇੜ ਬੈਠੇ !

ਹੋਂਦ 'ਹਿਰਖੀ' ਨਹੀਂ ਗਵਾਈ ,
ਖ਼ੁਦ ਨੂੰ ਸਭ ਤੋਂ ਨਿਖੇੜ ਬੈਠੇ।

*

ਜੇ ਨਾ ਜੀਵਨ 'ਚ ਬੰਦਗੀ ਹੁੰਦੀ।
ਜ਼ਿੰਦਗੀ ਫੇਰ ਖੋਖ਼ਲੀ ਹੁੰਦੀ।

ਸਾਫ਼ਗੋਈ ਤਿਆਗ ਦਿੰਦਾ ਤਾਂ,
ਦੋਸਤਾਂ ਥੀਂ ਨਾ ਦੁਸ਼ਮਣੀ ਹੁੰਦੀ।

ਜ਼ਖ਼ਮ ਦਿਲ ਦੇ ਨਾ ਮੁੜ ਹਰੇ ਹੁੰਦੇ,
ਜੇ ਇਹ ਘਟਨਾ ਨਾ ਵਾਪਰੀ ਹੁੰਦੀ।

ਵੇਚ ਦਿੰਦਾ ਜ਼ਮੀਰ ਅਪਣੀ, ਤਾਂ
ਦੁਸ਼ਮਣਾ ਨਾਲ਼ ਦੋਸਤੀ ਹੁੰਦੀ।

ਸਭ ਦਾ ਹੀ ਪਿਆਰ ਤੋੜ ਚੜ੍ਹ ਜਾਂਦਾ,
ਏਨੀ ਸਸਤੀ ਜੇ ਆਸ਼ਕੀ ਹੁੰਦੀ।

ਫ਼ਿਕਰ ਜੇ ਘਰ ਨਾ ਕਰ ਗਏ ਹੁੰਦੇ,
ਮੁਖ ਮਿਰੇ 'ਤੇ ਵੀ ਤਾਜ਼ਗੀ ਹੁੰਦੀ।

ਜਾਨ ਦੇ ਕੇ ਬਚਾ ਲਿਆ ਉਸਨੂੰ,
ਜਰਦਾ ਕਿੱਦਾਂ ਮੈਂ ਬੇਪਤੀ ਹੁੰਦੀ ?

ਇਹ ਗਹਿਣਾ 'ਅਜੀਤ' ਬਹੁਮੁੱਲਾ,
ਹੁਸਨ ਦੇ ਨਾਲ਼ ਸਾਦਗੀ ਹੁੰਦੀ।

ਫ਼ਿਕਰ 'ਹਿਰਖੀ' ਕੁਈ ਨਾ ਸੀ ਹੋਣਾ,
ਸਾਧ ਮੈਂ ਜੇ ਉਹ ਸਾਧਵੀ ਹੁੰਦੀ।

*

ਏਦਾਂ ਛਾਇਆ ਹੈ ਬੇਦਰਦੀ , ਤਨ ਦੇ ਉੱਤੇ , ਮਨ ਦੇ ਉੱਤੇ।
ਕੀ ਦੱਸਾਂ ? ਹੈ ਕੀ ਵਾਪਰਦੀ ? ਤਨ ਦੇ ਉੱਤੇ , ਮਨ ਦੇ ਉੱਤੇ।

‘ਕੱਲਾ ਹੋ ਕੇ ਰੋਵਾਂ ਲੇਕਿਨ , ਪੀੜ ਮੈਂ ਜ਼ਾਹਿਰ ਹੋਣ ਨਾ ਦੇਵਾਂ ,
ਭਾਵੇਂ ਰਹਿੰਦੀ ਚੀਸ ਉਭਰਦੀ , ਤਨ ਦੇ ਉੱਤੇ , ਮਨ ਦੇ ਉੱਤੇ।

ਹਰ ਪਲ ਰੋਹਬ ’ਚ ਗੱਲਾਂ ਕਰਦੈ , ਮੇਰੇ ਨਕ ਵਿਚ ਦਮ ਕਰ ਛਡਦੈ ,
ਉਸਦੀ ਮੈਂ ਹੁਣ ਹੋਰ ਨਾ ਜਰਦੀ , ਤਨ ਦੇ ਉੱਤੇ , ਮਨ ਦੇ ਉੱਤੇ।

ਬੋਲ ਕੇ ਚਾਹੇ ਕੁਝ ਨਾ ਆਖਾਂ , ਸਹਿੰਨਾਂ ਆਪ ਮੁਹਾਰੇ ਤੜਪਣ ,
ਆਵੇ ਯਾਦ ਜਦੋਂ ਵੀ ਘਰ ਦੀ , ਤਨ ਦੇ ਉੱਤੇ , ਮਨ ਦੇ ਉੱਤੇ।

ਮੈਂ ਫ਼ੌਜੀ ਹਾਂ ਸੱਚਾ - ਸੁੱਚਾ , ਦਿਲ ਦਾ ਨੇਕ , ਸਮਰਪਤ ਵੀ ਹਾਂ ,
ਸਹੁੰ ਖਾ ਕੇ ਮੈਂ ਪਹਿਨੀ ਵਰਦੀ , ਤਨ ਦੇ ਉੱਤੇ , ਮਨ ਦੇ ਉੱਤੇ।

ਉਸਦੀ ਮਿਹਰ ’ਤੇ ਮਿਲ਼ਦੈ ਲੇਕਿਨ , ਰਿਜ਼ਕ ਲਈ ਹਾਂ ਮਿਹਨਤ ਕਰਦਾ ,
ਮੈਂ ਸਹਿੰਦਾ ਹਾਂ ਗਰਮੀਂ-ਸਰਦੀ , ਤਨ ਦੇ ਉੱਤੇ , ਮਨ ਦੇ ਉੱਤੇ।

ਇਸ਼ਕ-ਵਿਛੋੜਾ ਰੂਹ ਦਾ ਕੈਂਸਰ , ਇਸਦੀ ਮਾਰ ਅਸਰ ਇਉਂ ਕਰਦੀ ,
ਰੂਹ ਵੀ ਨੈਣਾਂ ਵਿੱਚੋਂ ਕਿਰਦੀ , ਤਨ ਦੇ ਉੱਤੇ , ਮਨ ਦੇ ਉੱਤੇ।

ਹਿਜਰ ਜਦੋਂ ਹੈ ਲਟ-ਲਟ ਬਲ਼ਦਾ , ਇਉਂ ਹੁੰਦੈ ਜਿਉਂ ਤਪੇ ਕੁਠਾਲ਼ੀ ,
ਵਸਲ ਦੀ ਚਾਹਤ ਹਰ ਪਲ ਤਰਦੀ , ਤਨ ਦੇ ਉੱਤੇ , ਮਨ ਦੇ ਉੱਤੇ।

ਉਸਦੇ ਹਿਜਰ ’ਚ ਤੜਪਾਂ ‘ਹਿਰਖੀ’, ਹੋਰ ਨਾ ਹੁੰਦੀ ਸਹਿਣ ਜੁਦਾਈ ,
ਤਾਹੀਂ ਤਾਂ ਹੁਣ ਛਾਈ ਜਰਦੀ , ਤਨ ਦੇ ਉੱਤੇ , ਮਨ ਦੇ ਉੱਤੇ।

*

ਅੰਦਰ ਹੁੰਦੀ ਚੀਜ਼ ’ਤੇ ਜੋ ਝਾਕੇ ਬਾਹਰ।
ਇਕ ਦਿਨ ਪਾਏਗਾ ਬਹੁਤ ਪਟਾਖੇ ਬਾਹਰ।

ਧੱਕੇਸ਼ਾਹੀ ਵਾਲ਼ੀ ਆਦਤ ਛੱਡੀ ਨਈਂ,
ਬਦਲੀ ਨਈਂ ਸੋਚ ਅਸਾਡੀ ਆ ਕੇ ਬਾਹਰ।

ਫਿਕਰਾਂ ਲੱਦੇ ਚਿਹਰੇ ਦਿਸਦੇ ਹਰ ਪਾਸੇ,
ਫੋਕੀ ਮੁਸਕਾਨ ਤੇ ਫੋਕੇ ਹਾਸੇ ਬਾਹਰ।

ਜੇ ਨਾ ਪੂਰੇ ਹੋਣ ਤਾਂ ਹੁੰਦੈ ਪਛਤਾਵਾ,
ਆਉਂਦੀ ਹੈ ਖ਼ਲਕ਼ਤ ਖ਼ਾਬ ਸਜਾ ਕੇ ਬਾਹਰ।

ਸੋਹਲ ਮਲੂਕ ਜਵਾਨੀ ਰੁਲ਼ਦੀ ਦੇਖੀ ਮੈਂ,
ਹੱਥੀਂ ਅੱਟਣ ਤੇ ਪੈਰੀਂ ਛਾਲੇ ਬਾਹਰ।

ਐਥੇ ਦੇ ਹੋਏ ਨਾ ਪਿਛਲੀ ਝਾਕ ਮਿਟੀ,
ਭਾਵੇਂ ਹੈਨ ਬਿਤਾਏ ਕਈ ਦਹਾਕੇ ਬਾਹਰ।

ਦੇਸ਼ ’ਚ ਹੀ ਮਿਲ਼ ਜਾਣ ਜੇ ਸਭ ਨੂੰ ਨੌਕਰੀਆਂ,
ਕੋਈ ਕਿਉਂ ਫੇਰ ਜਵਾਨੀ ਗਾਲ਼ੇ ਬਾਹਰ ?

ਕੰਮ ’ਤੇ ਜਾਣਾ ਹੀ ਜਾਣਾ ਪੈਂਦੈ ਸਭ ਨੂੰ,
ਭਵਾਂ ਪਏ ਸਨੋਅ ਜਾਂ ਪੈਣ ਛਰਾਟੇ ਬਾਹਰ।

ਮਨ ਅਪਣੇ ’ਤੇ ‘ਹਿਰਖੀ’ ਕਾਬੂ ਰਖ, ਵਰਨਾ
ਕੋਈ ਲੈ ਜਾਏਗਾ ਭਰਮਾ ਕੇ ਬਾਹਰ।

*

ਮਿਰੇ ਸ਼ਹਿਰੋਂ ਤੂੰ ਬਿਨ ਮਿਲ਼ਿਆਂ ਚਲਾ ਜਾਣੈ , ਪਤਾ ਨਾ ਸੀ ।
ਮਿਰਾ ਦਿਲ ਤੋੜ ਜਾਣੈ ਤੇ ਰੁਲਾ ਜਾਣੈ , ਪਤਾ ਨਾ ਸੀ ।

ਮੈਂ ਤਾਂ ਪੁੰਨੂੰ ਨੂੰ ਪਾ ਕੇ ਸੌਂ ਗਈ ਸਾਂ , ਮਸਤ ਹੋ ਕੇ , ਪਰ
ਉਨ੍ਹੇ ਕਿਸਮਤ ਮਿਰੀ ਨੂੰ ਵੀ ਸੁਲਾ ਜਾਣੈ , ਪਤਾ ਨਾ ਸੀ ।

ਤਿਰੇ ਤੁਰ ਜਾਣ ਦਾ ਸਜਣਾ , ਅਸਰ ਏਨਾ ਘਣਾ ਹੋਣੈ ,
ਇਨ੍ਹੇ ਇਸ ਦਿਲ ਦੀਆਂ ਚੂਲਾਂ ਹਿਲਾ ਜਾਣੈ , ਪਤਾ ਨਾ ਸੀ ।

ਮੈਂ ਚਾਵਾਂ ਨਾਲ਼ ਇਕ ਸੁਪਨਾ ਸਜਾਇਆ ਸੀ , ਸੁਖੀ ਘਰ ਦਾ ,
ਮਿਰਾ ਸੁਪਨਾ ਤੂੰ ਮਿੱਟੀ ਵਿਚ ਮਿਲਾ ਜਾਣੈ , ਪਤਾ ਨਾ ਸੀ ।

ਤਿਰੇ ਇਕਰਾਰ ਝੂਠੇ ਸਨ , ਮੁਲੱਮਾ ਸੀ ਤਿਰੇ ਮੁਖ 'ਤੇ ,
ਪਿਆਲਾ ਹਿਜਰ ਦੇ ਵਿਹੁ ਦਾ ਪਿਲਾ ਜਾਣੈ , ਪਤਾ ਨਾ ਸੀ ।

ਤਿਰਾ ਹਰ ਖ਼ਤ ਅਜੇ ਤਕ ਮੈਂ ਸੰਭਾਲੀ ਰੱਖਿਆ , ਲੇਕਿਨ
ਮਿਰੇ ਸਾਰੇ ਖ਼ਤਾਂ ਨੂੰ ਤੂੰ ਜਲਾ ਜਾਣੈ , ਪਤਾ ਨਾ ਸੀ ।

ਤਿਰੇ ਤੁਰ ਜਾਣ ਵੇਲ਼ੇ ਤਕ, ਸੰਭਾਲ਼ੇ ਦਿਲ ਅਸੀਂ 'ਹਿਰਖੀ',
ਤੂੰ ਡੋਲੇਂਗਾ ਤੇ ਮੈਨੂੰ ਵੀ ਡੁਲਾ ਜਾਣੈ , ਪਤਾ ਨਾ ਸੀ ।

*

ਜੀਵਨ ਗਹਿਣੇ ਧਰ ਸਕਨਾ ਵਾਂ , ਤੇਰੇ ਕਰਕੇ ।
ਤੂੰ ਆਖੇਂ ਤਾਂ ਮਰ ਸਕਨਾ ਵਾਂ , ਤੇਰੇ ਕਰਕੇ ।

ਸੀਸ ਤਲ਼ੀ 'ਤੇ ਧਰ ਸਕਨਾ ਵਾਂ , ਤੇਰੇ ਕਰਕੇ ।
ਮੌਤ ਦੀ ਲਾੜੀ ਵਰ ਸਕਨਾ ਵਾਂ , ਤੇਰੇ ਕਰਕੇ ।

ਜਾਨ 'ਤੇ ਬਾਜ਼ੀ ਲਾ ਕੇ ਰਸਤਾ ਕੱਢ ਲਵਾਂਗਾ ,
ਤੂੰ ਜੋ ਚਾਹੇ ਕਰ ਸਕਨਾ ਵਾਂ , ਤੇਰੇ ਕਰਕੇ ।

ਤੈਨੂੰ ਕੋਈ ਕੁਝ ਆਖੇ ਤਾਂ , ਕਿੱਦਾਂ ਜਰ ਲਾਂ ?
ਅਪਣੇ ਬਾਰੇ ਜਰ ਸਕਨਾ ਵਾਂ , ਤੇਰੇ ਕਰਕੇ ।

ਧੁੱਪਾਂ ਦੇ ਵਿਚ ਸੜ ਸਕਦਾ ਹਾਂ ਮਿਹਨਤ ਕਰਦਾ ,
ਠੰਡਾਂ ਦੇ ਵਿਚ ਠਰ ਸਕਨਾ ਵਾਂ , ਤੇਰੇ ਕਰਕੇ ।

ਔਖੇ ਵੇਲ਼ੇ , ਤੇਰੇ ਨਾਲ਼ ਖਲੋਵਾਂਗਾ ਮੈਂ ,
ਤੇਰੇ ਦੁਖੜੇ ਜਰ ਸਕਨਾ ਵਾਂ , ਤੇਰੇ ਕਰਕੇ ।

ਤੇਰੀ ਖ਼ਾਤਰ ਤੁਪਕਾ-ਤੁਪਕਾ ਹੋ ਕੇ 'ਹਿਰਖੀ',
ਨੈਣਾਂ ਵਿੱਚੋਂ ਖਰ ਸਕਨਾ ਵਾਂ , ਤੇਰੇ ਕਰਕੇ ।

*

ਸੱਜਣ ਮੇਰਾ ਰਾਂਗਲਾ , ਤਦੇ ਦਿਖਾਉਂਦਾ ਰੰਗ ।
ਸਭ ਕੁਝ ਵਰਤੇ ਸਹਿਜ ਪਰ , ਮੈਂ ਹੋ ਜਾਨਾਂ ਦੰਗ ।

ਗੱਲ - ਗੱਲ ਉੱਤੇ ਫ਼ਸ ਪਵੇ , ਛੇੜ ਲਵੇ ਉਹ ਜੰਗ ।
ਸੂਰਤ ਮਿੱਠੀ ਓਸਦੀ , ਸੀਰਤ ਮਾਰੇ ਡੰਗ ।

ਅਕਲੋਂ ਖਾਲੀ ਜਾਪਦਾ , ਉਸਨੂੰ ਹੈ ਨਈਂ ਸੰਗ ।
ਕਰਦੈ ਬਹੁਤ ਸ਼ਰਾਰਤਾਂ , ਅਕਲਾਂ ਛਿੱਕੇ ਟੰਗ ।

ਮਨ ਦੇ ਸਾਰੇ ਵਲਵਲੇ , ਹੋ ਜਾਂਦੇ ਨੇ ਠੁੱਸ ,
ਜਦ ਮੈਂ ਉਸਨੂੰ ਦੇਖ ਲਾਂ , ਝੂਠੇ ਪੈਂਦੇ ਅੰਗ ।

ਉਹ ਨਈ ਇਸ਼ਕ ਕਬੂਲਦਾ , ਉਹ ਨਈਂ ਪਾਉਂਦਾ ਖ਼ੈਰ ,
ਦੱਸੋ ਮੈਨੂੰ ਆਣ ਕੇ , ਵਰਤਾਂ ਕਿਹੜਾ ਢੰਗ ?

ਦਿਲ ਲੈ ਕੇ ਦਿਲ ਨਾ ਦਵੇ , ਇਹ ਕੈਸਾ ਵਾਪਾਰ ?
ਵੱਡੇ ਘਰ ਦੀ ਮਾਲਕੀ , ਦਿਲ ਦਾ ਵਿਹੜਾ ਤੰਗ ।

ਗਿਫ਼ਟ ਲਿਆਉਂਦਾ ਥਕ ਗਿਆਂ , ਹੋਈ ਨਾ ਖ਼ੁਸ਼ ਹੀਰ ,
ਅਪਣੇ ਪਿੰਡ ਹੀ ਠੀਕ ਹਾਂ , ਮੈਂ ਨਈਂ ਰਹਿਣਾ ਝੰਗ ।

ਐਸੇ ਪਲ ਤੂੰ ਬਖ਼ਸ਼ ਦੇ , ਜੀਣ ਦਾ ਬਣਨ ਸਬੱਬ ,
ਬਦਲੇ ਵਿੱਚ ਦੱਸ ਕੀ ਦਿਆਂ ? ਜੋ ਮੰਗਣੈ ਤੂੰ ਮੰਗ ।

ਵਾਰ ਉਹ ਕਰਕੇ ਹਿਜਰ ਦਾ , ਜਾ ਵਸਿਐ ਪਰਦੇਸ ,
'ਹਿਰਖੀ' ਨੂੰ ਘੁਣ ਖਾ ਗਿਆ, ਹੋਇਆ ਜਿਸਮ ਕਰੰਗ ।

*

ਜਦੋਂ ਆਇਆ ਨਹੀਂ ਦਿਲਦਾਰ , ਸੁੱਤੇ ਰਹਿ ਗਏ ਜਜ਼ਬੇ ।
ਭੁਲਾਇਆ ਓਸਨੇ ਇਕਰਾਰ , ਸੁੱਤੇ ਰਹਿ ਗਏ ਜਜ਼ਬੇ ।

ਨਹੀਂ ਕਿਸਮਤ 'ਚ ਸੀ ਦੀਦਾਰ , ਸੁੱਤੇ ਰਹਿ ਗਏ ਜਜ਼ਬੇ ।
ਗਵਾਂਢੋਂ ਮੁੜ ਗਈ ਸਰਕਾਰ , ਸੁੱਤੇ ਰਹਿ ਗਏ ਜਜ਼ਬੇ ।

ਅਸਾਨੂੰ ਦੇਖਿਆ ਤੇ ਘੁੰਡ ਕਢ ਕੇ ਲੈ ਲਿਆ ਪਾਸਾ ,
ਤੇ ਪਰਦਾ ਆ ਗਿਆ ਵਿਚਕਾਰ , ਸੁੱਤੇ ਰਹਿ ਗਏ ਜਜ਼ਬੇ ।

ਕਦੇ ਹੁੰਦਾਂ ਨਹੀਂ ਮਾਯੂਸ , ਉਸਦੀ ਬੇਧਿਆਨੀ ਤੋਂ ,
ਮੈਂ ਜਾਨਾਂ ਫੇਰ ਵੀ ਬਲਿਹਾਰ , ਸੁੱਤੇ ਰਹਿ ਗਏ ਜਜ਼ਬੇ ।

ਕਦੀ ਤਾਂ ਹਾਂ ਕਹੂਗਾ ਯਾਰ , ਸਾਰੀ ਉਮਰ ਵਿਚ ਮੈਨੂੰ ,
ਨਜ਼ਰ ਆਉਂਦੇ ਨਹੀਂ ਆਸਾਰ , ਸੁੱਤੇ ਰਹਿ ਗਏ ਜਜ਼ਬੇ ।

ਜਿਨ੍ਹਾਂ ਦਾ ਭਾਰ ਸਾਰੀ ਉਮਰ , ਹਸ ਹਸ ਕੇ ਵੰਡਾਇਆ ਸੀ ,
ਉਨ੍ਹਾਂ 'ਤੇ ਬਣ ਗਿਆ ਹਾਂ ਭਾਰ , ਸੁੱਤੇ ਰਹਿ ਗਏ ਜਜ਼ਬੇ ।

ਉਹ ਮੇਰਾ ਹੈ , ਮਿਰਾ ਸੀ ਭਰਮ , ਉਹ ਵੀ ਤੋੜਿਆ ਏਦਾਂ ,
ਉਹਨੇ ਉਹ ਖੋਹ ਲਿਆ ਅਧਿਕਾਰ , ਸੁੱਤੇ ਰਹਿ ਗਏ ਜਜ਼ਬੇ ।

ਉਹਨੇ ਕੀਤਾ ਨਜ਼ਰ ਅੰਦਾਜ਼ , ਸਭ ਦੇ ਸਾਹਮਣੇ ਸਾਨੂੰ ,
ਅਸੀਂ ਹੋਏ ਸੀ ਪੱਬਾਂ ਭਾਰ , ਸੁੱਤੇ ਰਹਿ ਗਏ ਜਜ਼ਬੇ ।

ਉਹਨੇ ਸਭ ਨੂੰ ਕਿਹੈ ਫ਼ਿਲਹਾਲ , ਉਸਦੇ ਨਾਲ਼ 'ਹਿਰਖੀ' ਦਾ ,
ਹੈ ਇਕਤਰਫ਼ਾ ਅਜੇ ਤਕ ਪਿਆਰ , ਸੁੱਤੇ ਰਹਿ ਗਏ ਜਜ਼ਬੇ ।

*

ਪੰਜੇ ਵਕ਼ਤ ਨਮਾਜ਼ਾਂ ਪੜ੍ਹੀਆਂ।
ਫਿਰ ਵੀ ਹੱਥੋਂ ਖਿਸਕਣ ਘੜੀਆਂ।

ਦੇਖ ਬੁਢੇਪਾ ਰੰਗ ਦਿਖਾਉਂਦਾ,
ਲਿੱਸੇ ਜਿਸਮ ਤੇ ਹੱਥੀਂ ਛੜੀਆਂ।

ਘਰ – ਘਰ ਅੰਦਰ ਵੰਡ – ਵੰਡਾਈ,
ਕਰ ਦਿੱਤੀਆਂ ਨੇ ਕੰਧਾਂ ਖੜ੍ਹੀਆਂ।

ਹਿਜਰ ਦੀ ਨੇਰ੍ਹੀ ਝੁੱਲੀ ਦਿਲ 'ਤੇ,
ਨੈਣਾਂ ਵਿੱਚੋਂ ਸੱਧਰਾਂ ਹੜ੍ਹੀਆਂ।

ਲੋੜ ਪਈ 'ਤੇ ਘੜੇ ਬਹਾਨੇ,
ਓਦਾਂ ਗੱਲਾਂ ਕਰਦੈ ਬੜੀਆਂ।

ਖ਼ੁਦ ਹੈ ਸੋਨੇ ਵਰਗਾ ਮਹਿਰਮ,
ਪਹਿਨੇ ਛਾਪਾਂ ਹੀਰੇ ਜੜੀਆਂ।

ਲੈਂਦਾ ਹੈ ਹਟਕੋਰੇ ਦਿਲ ਹੁਣ,
ਨੈਣਾਂ ਨੇ ਵੀ ਲਾਈਆਂ ਝੜੀਆਂ।

ਅਜਕਲ ਹੈ ਫ਼ੈਸ਼ਨ ਪਰਚੱਲਤ,
ਮੁੱਖ ਸਫ਼ਾਚਟ, ਟਿੰਡਾਂ ਰੜੀਆਂ।

ਵਕ਼ਤ ਹੈ ਕਿਰਦਾ ਜਾਂਦਾ ਹੱਥੋਂ,
ਨਾ ਕਰ 'ਹਿਰਖੀ' ਹੁਣ ਤੂੰ ਅੜੀਆਂ।

*

ਹੇਰ ਨਹੀਂ ਜਾਂ ਫੇਰ ਨਹੀਂ।
ਕਿਹੜੀ ਬਸਤੀ ਨੇਰ੍ਹ ਨਹੀਂ ?

ਜੇ ਨਈਂ ਰਾਜ਼ੀ ਤੇਰਾ ਦਿਲ,
ਫੇਰ ਨਹੀਂ, ਬਸ ਫੇਰ ਨਹੀਂ।

ਦੇਰ ਕਰੇ ਤਾਂ ਕੋਈ ਨਾ,
ਰਬ ਦੇ ਘਰ ਅੰਧੇਰ ਨਹੀਂ।

ਤਕੜਾ ਹੋ ਕੇ ਲੜ ਸਜਣਾ !
ਐਵੇਂ ਹੰਝੂ ਕੇਰ ਨਹੀਂ।

ਜਾਤਾਂ - ਪਾਤਾਂ ਕਾਇਮ ਨੇ,
ਜਾਂਦਾ ਅਜੇ ਹਨੇਰ ਨਹੀਂ।

ਜਾਗ ਰਹੀ ਹੈ ਮਾਨਵਤਾ,
ਚਾਨਣ ਅਜੇ ਚੁਫੇਰ ਨਹੀਂ।

ਮੇਰੇ ਨਾਲ਼ ਲੜਾਉਣੇ ਨੂੰ,
ਉਸਨੂੰ ਇੰਝ ਪਰੇਰ ਨਹੀਂ।

ਮੈਂ ਵੀ ਨਈਂ ਹਾਂ ਮਿੱਟੀ ਦਾ,
ਉਹ ਸੋਨੇ ਦਾ ਢੇਰ ਨਹੀਂ।

ਕਿਸਦੇ ਘਰ ਵਿਚ ਐ 'ਹਿਰਖੀ' !
ਤੇਰ ਨਹੀਂ ਜਾਂ ਮੇਰ ਨਹੀਂ ?

*

ਚੁਪ ਹਾਂ ਕੋਰਾ ਜਵਾਬ ਸੁਣ ਕੇ।
ਹੋ ਰਿਹੈ ਮਨ ਖਰਾਬ ਸੁਣ ਕੇ।

ਉੜ ਗਿਆ ਰੰਗ ਇਸ਼ਕ ਵਾਲ਼ਾ,
ਟੁਟ ਗਿਐ ਪਲ 'ਚ ਖ਼ਾਬ ਸੁਣ ਕੇ।

ਜਦ ਸੁਣੀ ਗਲ ਦਿਲ ਨੂੰ ਚੁਭਵੀਂ,
ਪੱਛ ਹੋਇਐ ਗੁਲਾਬ ਸੁਣ ਕੇ।

ਕਰ ਗਿਐ ਦਿਲ ਕਬਾਬ ਸੋਹਣਾ,
ਲਹਿ ਗਈ ਝਟ ਸ਼ਰਾਬ ਸੁਣ ਕੇ।

ਜੀਭ ਤਾਲ਼ੂ ਦੇ ਨਾਲ਼ ਲੱਗੀ,
ਸੁੱਕਿਆ ਹੈ ਲੁਆਬ ਸੁਣ ਕੇ।

ਪੈ ਗਏ ਹੋਰ - ਹੋਰ ਚੱਕਰ,
ਭੁਲ ਗਿਆ ਸਭ ਹਿਸਾਬ ਸੁਣ ਕੇ।

ਮੈਂ ਜਦੋਂ ਜਗ 'ਤੋਂ ਕੂਚ ਕੀਤਾ,
ਭਰ ਲਏ ਉਸ ਤਲਾਬ ਸੁਣ ਕੇ।

ਮੈਂ ਕਿਹਾ 'ਤੈਨੂੰ ਪਿਆਰ ਕਰਦਾਂ',
ਹਸ ਪਿਆ ਬੇਹਿਸਾਬ ਸੁਣ ਕੇ।

'ਹਿਰਖੀਆ' ਮੈਂ ਕਿਹਾ 'ਐ ਜੀ !'
ਕਰ ਲਿਆ ਫਿਰ ਹਿਜਾਬ ਸੁਣ ਕੇ।

*

ਬਚਪਨ ਦੇ ਦਿਨ ਚਾਰ ਬਿਤਾਏ, ਸੰਗੀਨਾਂ ਦੇ ਸਾਏ ਹੇਠਾਂ।
ਮਾਂ ਨੇ ਵੀ ਸਨ ਲਾਡ ਲਡਾਏ, ਸੰਗੀਨਾਂ ਦੇ ਸਾਏ ਹੇਠਾਂ।

ਪਿਆਰ ਦਾ ਬੂਟਾ ਜੇ ਲਗ ਜਾਵੇ, ਫੁੱਲ ਵੀ ਲਗ ਜਾਂਦੇ ਨੇ, ਲੇਕਿਨ
ਫੁੱਲਾਂ 'ਚੋਂ ਖ਼ੁਸ਼ਬੋ ਨਾ ਆਏ, ਸੰਗੀਨਾਂ ਦੇ ਸਾਏ ਹੇਠਾਂ।

ਚੰਗੇ ਵਕ਼ਤੀਂ ਸਾਥ ਬਥੇਰੇ, ਬਣ - ਬਣ ਕੇ ਬਹਿੰਦੇ ਨਾਲ਼, ਮਗਰ
ਸਾਥ ਨਿਭਾਉਂਦੇ ਨੇ ਕਦ ਸਾਏ, ਸੰਗੀਨਾਂ ਦੇ ਸਾਏ ਹੇਠਾਂ ?

ਏਦਾਂ ਦੇ ਹਾਲਾਤ 'ਚ ਸਜਣਾ ! ਮਨ ਦਾ ਖਿੜਨਾ ਨਾ-ਮੁਮਕਿਨ ਹੈ,
ਹਿਜਰ ਤਿਰਾ ਘੁਣ ਬਣਕੇ ਖਾਏ, ਸੰਗੀਨਾਂ ਦੇ ਸਾਏ ਹੇਠਾਂ।

ਰਾਤੀਂ ਦੇਖੇ ਖ਼ਾਬ ਡਰਾਉਣੇ, ਮੈਨੂੰ ਮਿਲ਼ੇ ਤਸੀਹੇ ਏਨੇ,
ਦਿਨ ਵੇਲ਼ੇ ਵੀ ਚਿਤ ਘਬਰਾਏ, ਸੰਗੀਨਾਂ ਦੇ ਸਾਏ ਹੇਠਾਂ।

ਬੰਬ ਧਮਾਕੇ ਟੈਂਕ ਤੇ ਤੋਪਾਂ, ਖ਼ੂਨ - ਖਰਾਬਾ ਦਿਸਦੈ ਮੈਨੂੰ,
ਹੁਣ ਤਾਂ ਜੀਣਾ ਰਤਾ ਨਾ ਭਾਏ, ਸੰਗੀਨਾਂ ਦੇ ਸਾਏ ਹੇਠਾਂ।

ਜੀਅ ਕਰਦੈ ਮੁੜ ਜਾਵਾਂ ਇਕ ਦਿਨ, ਮਿੱਟੀ ਦਾ ਮੋਹ ਖਿੱਚਾਂ ਪਾਉਂਦੈ,
ਮੈਨੂੰ ਅਪਣਾ ਦੇਸ਼ ਬੁਲਾਏ, ਸੰਗੀਨਾਂ ਦੇ ਸਾਏ ਹੇਠਾਂ।

ਮੌਤ ਰਹੀ ਪਰਛਾਵਾਂ ਬਣਕੇ, ਜੀਣਾ - ਮਰਨਾ ਜੁਗਨੂੰ ਵਰਗਾ,
ਅਮਨਾਂ ਦੇ ਪਰ ਖ਼ਾਬ ਸਜਾਏ, ਸੰਗੀਨਾਂ ਦੇ ਸਾਏ ਹੇਠਾਂ।

ਮੈਂ ਲੱਖਾਂ ਅਰਮਾਨ ਦਬਾਏ, ਸੌ - ਸੌ ਕੀਤੇ ਹੀਲੇ 'ਹਿਰਖੀ',
ਜੋ ਚਾਹਾਂ ਸੋ ਹੋ ਨਾ ਪਾਏ, ਸੰਗੀਨਾਂ ਦੇ ਸਾਏ ਹੇਠਾਂ।

*

ਜੇ ਸੁਪਨੇ 'ਚ ਆਉਣੈ, ਅਵੇਰਾ ਨਾ ਕਰਨਾ।
ਟਿਕੀ ਰਾਤ ਆਉਣਾ, ਸਵੇਰਾ ਨਾ ਕਰਨਾ।

ਕਮਾ ਕੇ ਜੋ ਏਥੋਂ, ਲਿਜਾ ਨਾ ਸਕੋਗੇ,
ਉਸੇ ਨੂੰ ' ਹੈ ਮੇਰਾ, ਹੈ ਮੇਰਾ ' ਨਾ ਕਰਨਾ।

ਸਮੇਂ ਨਾਲ਼ ਬੱਝੇ, ਨੇ ਜੀਵਨ ਅਸਾਡੇ,
ਕਿਸੇ ਨੇ ਸਦੀਵੀ, ਬਸੇਰਾ ਨਾ ਕਰਨਾ।

ਉਜਾਲ਼ੇ ਕਰੋ, ਜੇ ਤੁਸੀਂ ਕਰ ਸਕੋ, ਪਰ
ਕਿਸੇ ਦੇ ਲਈ ਵੀ, ਹਨੇਰਾ ਨਾ ਕਰਨਾ।

ਕਦੀ ਬੋਲ ਮੰਦਾ, ਨਾ ਬੋਲੋ ਕਿਸੇ ਨੂੰ,
ਕਦੀ ਤੰਗ ਇਹ ਦਿਲ ਦਾ ਘੇਰਾ ਨਾ ਕਰਨਾ।

ਤੁਸੀਂ ਬੋਲਦੇ ਓ, ਤਾਂ ਰੌਣਕ ਹੈ ਰਹਿੰਦੀ,
ਐ ਕਾਵੇਂ ! ਇਹ ਸੁੰਞਾ, ਬਨੇਰਾ ਨਾ ਕਰਨਾ।

ਤੁਸੀਂ ਹਿਜਰ ਦਾ ਨੇਰ੍ਹ ਪਾਇਆ ਹੈ ਜਿਹੜਾ,
ਉਨ੍ਹੂੰ ਬੇਰੁਖ਼ੀ ਥੀਂ ਘਨੇਰਾ ਨਾ ਕਰਨਾ।

ਤੁਸੀਂ ਹਾਰ ਜਾਣੈ, ਕਿ ਚੈਲੰਿਜ ਨਾ ਕਰਿਓ,
ਕਦੀ ਮੈਨੂੰ ਪਰਖਣ ਦਾ ਜੇਰਾ ਨਾ ਕਰਨਾ।

ਤਿਰੀ ਯਾਦ ਲੈ ਕੇ, ਤੁਰੇਗਾ ਜਹਾਨੋਂ,
ਮਗਰ ਜ਼ਿਕਰ 'ਹਿਰਖੀ' ਨੇ ਤੇਰਾ ਨਾ ਕਰਨਾ।

*

ਜਦ ਉਹ ਐਵੇਂ ਭੜਕੇ , ਤੁਰਿਆਂ ।
ਉਲਟ ਦਿਸ਼ਾ ਦੀ ਸੜਕੇ ਤੁਰਿਆਂ ।

ਉਸਦੀ ਦੀਦ ਲਈ ਹਾਂ ਬਿਹਬਲ ,
ਭਾਵੇਂ ਬਿਜਲੀ ਕੜਕੇ , ਤੁਰਿਆਂ ।

ਉਸ ਵਿਚ ਜਾਨ ਖ਼ੁਦਾ ਪਾ ਦੇਵੇ ,
ਜਿਹੜਾ ਬੁਤ ਮੈਂ ਘੜ ਕੇ ਤੁਰਿਆਂ ।

ਖ਼ਾਬ 'ਚ ਵੀ ਨਾ ਮੰਜ਼ਿਲ ਭੁੱਲੇ ,
ਤੇਰੇ ਪਿੰਡ ਦੀ ਸੜਕੇ ਤੁਰਿਆਂ ।

ਵਕ਼ਤ ਨੇ ਨੋਚੇ ਖੰਭ ਜਦੋਂ ਤੋਂ ,
ਮਨ ਚੰਚਲ ਨੂੰ ਫੜਕੇ ਤੁਰਿਆਂ ।

ਖ਼ੁਦ ਨੂੰ ਪਿਆ ਲੁਕੋਵਾਂ ਖ਼ੁਦ ਤੋਂ ,
ਦੇਖ ਹਜੂਮ 'ਚ ਵੜਕੇ ਤੁਰਿਆਂ ।

ਦੂਰ ਹੈ ਮੰਜ਼ਿਲ , ਰਾਹ ਵੀ ਬਿਖੜਾ ,
ਤਾਹੀਂ ਤੜਕੇ – ਤੜਕੇ ਤੁਰਿਆਂ ।

ਨੀਂਦ ਪਈ , ਨਾ ਭਟਕਣ ਮੁੱਕੀ ,
ਨੈਣ ਬਥੇਰੇ ਰੜਕੇ , ਤੁਰਿਆਂ ।

ਤੇਰੇ ਸ਼ਹਿਰ , ਮੁਹੱਲੇ ਵਿਚ ਮੈਂ ,
'ਹਿਰਖੀ' ਦਿਲ ਨੂੰ ਫੜ ਕੇ ਤੁਰਿਆਂ ।

*

ਕਹਿ ਗਏ ਅਲਵਿਦਾ ਦੇਖਦੇ – ਦੇਖਦੇ ।
ਛਡ ਗਏ ਨੇ ਖਲਾਅ ਦੇਖਦੇ – ਦੇਖਦੇ ।

ਕਾਲ਼ਿਆਂ ਦੀ ਫ਼ਸਲ ਪਕ ਗਈ ਦੋਸਤੋ !
ਵਕ਼ਤ ਉੜਦਾ ਗਿਆ ਦੇਖਦੇ – ਦੇਖਦੇ ।

ਟਿਮਟਿਮਾਉਂਦਾ ਰਿਹਾ ਰਾਤੀਂ ਜੁਗਨੂੰ , ਮਗਰ
ਦਿਨ ਚੜ੍ਹੇ ਬੁਝ ਗਿਆ ਦੇਖਦੇ – ਦੇਖਦੇ ।

ਮੈਂ ਕਿਹਾ ਕੁਝ ਨਹੀਂ , ਫੇਰ ਵੀ ਰੁਸ ਗਿਆ,
ਹੋ ਗਈ ਕੀ ਖ਼ਤਾ , ਦੇਖਦੇ – ਦੇਖਦੇ ?

ਯਾਦ ਕਰਕੇ ਉਨੂੰ , ਤੜਪਿਆ ਦਿਲ , ਜਿਗਰ ,
ਹੜ੍ਹ ਜਿਹਾ ਆ ਗਿਆ , ਦੇਖਦੇ – ਦੇਖਦੇ ।

ਮਰਜ਼ ਹੈ ਜਿਗਰ ਦਾ , ਵੈਦ ਵੀ ਕੀ ਕਰੂ ?
ਹੋ ਗਿਐ ਲਾ – ਦਵਾ , ਦੇਖਦੇ – ਦੇਖਦੇ ।

ਦਿਲ ਫਿਰੇ ਢੂੰਡਦਾ ਸ਼ਹਿਰ ਅੰਦਰ ਉਨੂੰ ,
ਚੈਨ ਹੋਇਐ ਹਵਾ , ਦੇਖਦੇ – ਦੇਖਦੇ ।

ਲਾਰਿਆਂ ’ਤੇ ਟਿਕੀ ਨਾ ਰਹੀ ਜ਼ਿੰਦਗੀ ,
ਤੁਰ ਗਿਆ ਬੇਵਫ਼ਾ , ਦੇਖਦੇ – ਦੇਖਦੇ ।

‘ਹਿਰਖੀਆ’ ਸਿਰ ਪਈ , ਤਾਂ ਪਈ ਇਸ ਤਰ੍ਹਾਂ ,
ਭੁਲ ਗਏ ਸਭ ਉਪਾਅ , ਦੇਖਦੇ – ਦੇਖਦੇ ।

*

ਜੇ ਦਰਦ ਦਿਲ 'ਚੋਂ ਉਠ ਖੜ੍ਹੇ, ਤਕਲੀਫ਼ ਤਾਂ ਹੋਣੀ ਹੀ ਹੈ।
ਜੇ ਵੇਗ ਸਾਹਾਂ ਦਾ ਅੜੇ, ਤਕਲੀਫ਼ ਤਾਂ ਹੋਣੀ ਹੀ ਹੈ।

ਬੂਟੇ ਸੜੇ ਤੇ ਆਲ੍ਹਣੇ ਵੀ ਨਾਲ਼ ਹੀ ਸੜ ਬਲ਼ ਗਏ,
ਜਦ ਬੋਟ ਵੀ ਦੇਖੇ ਸੜੇ, ਤਕਲੀਫ਼ ਤਾਂ ਹੋਣੀ ਹੀ ਹੈ।

ਅਰਮਾਨ ਲਿਖ ਕੇ ਦੋਸਤੋ ! ਭੇਜੇ ਬਥੇਰੀ ਵਾਰ ਮੈਂ,
ਜੇ ਖ਼ਤ ਮਿਰੇ ਉਹ ਨਾ ਪੜ੍ਹੇ, ਤਕਲੀਫ਼ ਤਾਂ ਹੋਣੀ ਹੀ ਹੈ।

ਤੈਨੂੰ ਉਡੀਕੇ ਦਿਲ ਮਿਰਾ, ਨਾ ਤੂੰ ਕੁਈ ਖ਼ਤ ਭੇਜਿਆ,
ਨਜ਼ਰਾਂ ਵਿਛਾਈ ਹਾਂ ਖੜ੍ਹੇ, ਤਕਲੀਫ਼ ਤਾਂ ਹੋਣੀ ਹੀ ਹੈ।

ਜਦ ਹਥ ਵਧਾਵਾਂ ਕੁਝ ਨਹੀਂ, ਨਾ ਛੋਹ ਪਰਾਪਤ ਹੋ ਸਕੇ,
ਸੁਪਨੇ 'ਚ ਸਾਹਵੇਂ ਆ ਖੜ੍ਹੇ, ਤਕਲੀਫ਼ ਤਾਂ ਹੋਣੀ ਹੀ ਹੈ।

ਦੇਖਾਂ ਗਵਾਂਢਣ ਨੂੰ ਜਦੋਂ, ਨਿਤ ਹਾਰ ਹੈ ਜੋ ਪਹਿਨਦੀ,
ਮੋਤੀ ਜੜੇ, ਹੀਰੇ ਜੜੇ, ਤਕਲੀਫ਼ ਤਾਂ ਹੋਣੀ ਹੀ ਹੈ।

ਨਫ਼ਰਤ ਬਿਨਾ ਕੁਝ ਨਾ ਸਰੇ, ਹਥ ਤਾਂ ਮਿਰਾ ਫੜਨਾ ਹੈ ਕੀ ?
ਫੜਦੈ ਜਦੋਂ, ਕਮੀਆਂ ਫੜੇ, ਤਕਲੀਫ਼ ਤਾਂ ਹੋਣੀ ਹੀ ਹੈ।

ਮੇਰੀ ਤਰੱਕੀ ਦੇਖ ਕੇ, ਦੁਸ਼ਮਣ ਤਾਂ ਮੇਰੇ ਚੁਪ ਰਹੇ,
ਸਾਡੇ ਲਈ ਅਪਣੇ ਬੜੇ, ਤਕਲੀਫ਼ ਤਾਂ ਹੋਣੀ ਹੀ ਹੈ।

ਕਮਜ਼ੋਰ ਹੁੰਦਾ ਹੋ ਗਿਆ, ਇਹ ਜਿਸਮ 'ਹਿਰਖੀ' ਖੋਖ਼ਲਾ,
ਜੇ ਤੁਰ ਲਵਾਂ ਤਾਂ ਦਮ ਚੜ੍ਹੇ, ਤਕਲੀਫ਼ ਤਾਂ ਹੋਣੀ ਹੀ ਹੈ।

Total Characters : 68151
Total Words : 16776
Printed at -1-209-589-3367,
91-98159-45018
Email: janmeja@gmail.com
www.janmejajohl.com